ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

AUG 1991

ਅਗ ਸਤ ੧੯੯੧

## ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ



ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥

www.AKJ.Org

# ਤਤਕਰਾ


| | | |
|---|---|---|
| ਸੇ ਭਾਦੁਇ ਨਰਕਿ ਨ ਪਾਈਅਹਿ | ੩ | ਬਾਰਹਮਾਹਾ ਮਹਲਾ ੫ |
| ਭਾਦੁਇ ਮਹੀਨੇ ਦੀ ਵਿਆਖਿਆ | ੪ | — — — |
| ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਟੀ. ਵੀ. ਇਕ ਭਿਆਨਕ ਰੋਗ | ੧੦ | ਪ੍ਰਿੰਸੀਪਲ ਬਖ਼ਤਾਵਰ ਸਿੰਘ ਜੀ |
| ਸਿਖ ਮਸਲਾ—ਗੱਲ ਬਿਗੜੀ ਕਿਉਂ ਅਤੇ ਸੁਧਰੇ ਕਿਵੇਂ ? | ੧੧ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਅਠਵੇਂ ਗੁਰੂ ਦੀ ਅਮਿਅ ਦ੍ਰਿਸ਼ਟੀ | ੧੫ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰ ਬਿਨੁ ਘੋਰੁ ਅੰਧਾਰੁ | ੧੯ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਸਤਿਗੁਰੁ ਸਦਾ ਦਇਆਲੁ ਹੈ | ੨੩ | 'ਸੂਰਾ' ਪਰਵਾਰ |
| ਮਨਮੁਖਿ ਅਤੇ ਮਨਿ ਮੁਖਿ | ੨੭ | ਸ: ਮਾਲਿਕ ਸਿੰਘ ਜੀ |
| ਸੋਈ ਗੁਰਮੁਖਿ ਪਿਆਰੇ ਮੇਲਿ | ੨੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਤੋਪ ਨੂੰ ਖਿਚ ਕੇ ਗੜ੍ਹੀ ਵਿਚ ਲੈ ਜਾਣ ਵਾਲੀ ਘਟਨਾ | ੩੨ | ਕੈਪਟਨ ਸਵਰਨ ਸਿੰਘ ਜੀ |
| ਸਿਗਰਟ ਤਮਾਕੂ ਭਿਆਨਕ ਰੋਗਾਂ ਦੀ ਖਾਣ ਹੈ | ੩੪ | 'ਅਜੀਤ' ਜਲੰਧਰ |
| ਮਾਤਾ ਗੁਜਰੀ ਜੀ | ੩੫ | ਪ੍ਰੋਫੈਸਰ ਅਮਰਜੀਤ ਸਿੰਘ ਜੀ |
| ਗੁਦਾਵਰੀ ਤੋਂ ਪੁੱਛ (ਕਵਿਤਾ) | ੩੮ | ਗਿ: ਗੋਪਾਲ ਸਿੰਘ ਜੀ ਮਿੱਤਰ |
| ਛਟਮ ਪੀਰ ਅਤੇ ਇਕ ਘਾਹੀ (ਕਵਿਤਾ) | ੩੯ | ਸ: ਅਤਰ ਸਿੰਘ ਜੀ ਨੀਰ |
| ਸਰਬ ਰੋਗ ਕਾ ਅਉਖਦੁ ਨਾਮੁ (ਗੁਰਬਾਣੀ ਦੀ ਪਾਰਸ-ਕਲਾ) | ੪੦ | ਗਿਆਨੀ ਦੀਦਾਰ ਸਿੰਘ ਜੀ |
| ਸੋ ਦਰੁ ਵਿਚ ਪ੍ਰਚਲਤ ੩ ਭੁਲਾਂ | ੪੨ | — — — |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਕਾਸ਼ ਦਿਵਸ ੪ ਅਗਸਤ

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ—ਪ੍ਰਿੰ: ਜੋਗਾ ਸਿੰਘ ਜੀ, ੬੬-ਸਟਾਫ਼ ਕਾਲੋਨੀ. ਗੁਰੂ ਨਾਨਕ ਇੰਜੀਨੀਰਿੰਗ ਕਾਲਜ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ. ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 4578 ਘਰ 52206

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੮.੯੧ ਨੂੰ ਪ੍ਰਕਾਸ਼ਤ ਕੀਤਾ।



www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੨੦ ੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

**ਅਮਾਨਤੀ ਲਾਈਫ ਮੈਂਬਰ**

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਅਗਸਤ, ੧੯੯੧ ਅੰਕ ੯


## ਸੇ ਭਾਦੁਇ ਨਰਕਿ ਨ ਪਾਈਅਹਿ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

[ਬਾਰਹਮਾਹਾ ਮਹਲਾ ੫ ਘਰੁ ੪




www.AKJ.Org

# ਭਾਦੁਇ ਮਹੀਨੇ ਦੀ ਵਿਆਖਿਆ

ਇਹ ਮਨੁਖਾ ਜਨਮ ਪ੍ਰਭੂ ਨਾਲ ਪਿਆਰ ਕਰਨ ਲਈ, ਉਸ ਦਾ ਨਾਮ ਜਪਣ ਲਈ ਅਤੇ ਨਾਮ-ਜਾਪ ਦੀ ਕਮਾਈ ਕਰਕੇ ਪ੍ਰਭੂ-ਪਰਮਾਤਮਾ ਨਾਲ ਇਕ-ਮਿਕ ਹੋਣ ਲਈ ਮਿਲਿਆ ਹੈ। ਪਰ ਜੀਵ-ਇਸਤ੍ਰੀ ਭਰਮ-ਭੁਲੇਖੇ ਵਿਚ ਭੁਲ ਜਾਂਦੀ ਹੈ, ਪ੍ਰਭੂ ਨਾਲ ਪਿਆਰ ਪਾਉਣ ਦੀ ਥਾਂ ਦੂਜੇ ਭਾਵ ਵਿਚ, ਭਾਵ ਮਾਇਆ ਵਿਚ, ਸੰਸਾਰਕ ਸਨਬੰਧੀਆਂ ਵਿਚ ਮੋਹ ਪਾ ਲੈਂਦੀ ਹੈ। ਪ੍ਰਭੂ-ਪਿਆਰ ਤੋਂ ਸਖਣੀ ਜੀਵ ਇਸਤ੍ਰੀ ਆਪਣੇ ਪਤੀ-ਪਰਮਾਤਮਾ ਨੂੰ ਰੀਝਾਉਣ ਲਈ ਬਾਹਰਮੁਖੀ ਕਈ ਤਰ੍ਹਾਂ ਦੇ ਹਾਰ ਸ਼ਿੰਗਾਰ ਲਾਉਂਦੀ ਹੈ, ਉਸ ਨੂੰ ਮੋਹਣ ਵਾਲੇ ਪਹਿਰਾਵੇ ਪਹਿਨਦੀ ਹੈ, ਜੋ ਸੱਚੇ ਪਿਆਰ ਤੋਂ ਬਿਨਾਂ ਨਿਰਾ ਪਖੰਡ ਹਨ। ਇਹ ਪਹਿਰਾਵੇ ਤੇ ਹਾਰ ਸ਼ਿੰਗਾਰ ਤਦੇ ਹੀ ਲੇਖੇ ਹਨ ਜੇ ਵਾਹਿਗੁਰੂ ਪਤੀ ਨੂੰ ਹਿਤੋਂ ਚਿਤੋਂ ਪਿਆਰ ਕਰੇ ਅਤੇ ਦੂਜੇ ਭਾਵ ਵਿਚ, ਸੰਸਾਰੀ ਮੋਹ ਵਿਚ ਲਿਪਾਇਮਾਨ ਨਾ ਹੋਵੇ। ਵਾਹਿਗੁਰੂ ਜੀ ਨਾਲ ਸੱਚੀ ਪ੍ਰੀਤ ਪਾਏ ਬਿਨਾਂ ਇਹ ਪਹਿਰਾਵੇ ਤੇ ਹਾਰ ਸ਼ਿੰਗਾਰ ਲਗਾਣ ਕਿਸੇ ਲੇਖੇ ਨਹੀਂ।

ਜੀਵ ਜਿਨ੍ਹਾਂ ਸਾਕਾਂ ਸਨਬੰਧੀਆਂ ਵਿਚ ਮੋਹ ਪਾਂਦਾ ਹੈ, ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਧੰਧੇ ਪਿਟਦਾ ਤੇ ਪਾਪ-ਕਰਮ ਕਮਾਂਦਾ ਹੈ, ਉਹ ਸਾਰੇ ਸਾਕ ਸਨਬੰਧੀ ਪ੍ਰਾਣੀ ਦੇ ਸੁਆਸ ਨਿਕਲਣ ਤੇ, ਉਸ ਦੀ ਦੇਹੀ ਨੂੰ ਭੂਤ-ਪ੍ਰੇਤ ਕਹਿੰਦੇ ਹਨ ਅਤੇ ਸਾਰੇ ਇਕ ਖਿਨ ਵਿਚ ਹੀ ਉਸ ਨੂੰ ਛਡ ਖੜੇਂਦੇ ਹਨ। ਇਸੇ ਭੇਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਵਿਚ ਇਉਂ ਨਿਰਣਾਉਂਦੇ ਹਨ—

ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤ ਪੁਕਾਰਿ ॥
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ॥੧॥੨॥ [ਦੇਵਗੰਧਾਰੀ, ਪੰਨਾ ੫੩੬

ਇਥੋਂ ਤਕ ਕਿ—ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ, ਸਦਾ ਰਹਤ ਸੰਗਿ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ ॥੨॥੧੨॥ [ਸੋਰਠਿ, ਪੰਨਾ ੬੩੪

ਪ੍ਰਾਣੀ ਓਦੋਂ ਮਰਨ ਸਮੇਂ ਪਛਤਾਵੇ ਵਿਚ ਹੱਥ ਮਲਦਾ ਹੈ, ਕਾਲਿਓਂ ਚਿੱਟਾ ਪਿਆ ਹੁੰਦਾ ਹੈ, ਇਕ ਰੰਗ ਆਂਦਾ ਹੈ ਇਕ ਜਾਂਦਾ ਹੈ। ਜੀਵਨ ਭਰ ਪ੍ਰਾਣੀ ਨੇ ਜੋ ਕਰਮ ਕਮਾਏ ਹੁੰਦੇ ਹਨ ਉਹੋ ਫਲ ਵਢਣਾ ਪੈਂਦਾ ਹੈ। ਇਸੇ ਕਰਕੇ ਗੁਰੂ ਅਮਰਦਾਸ ਜੀ ਪ੍ਰਾਣੀ ਨੂੰ ਚਤਾਵਨੀ ਕਰਾਂਦੇ ਹਨ—

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥੧੧॥ (ਪੰਨਾ ੯੧੮)

ਗੁਰੂ ਨਾਨਕ ਸਾਹਿਬ ਵੀ ਇਹੋ ਉਪਦੇਸ਼ ਦੇਂਦੇ ਹਨ ਕਿ ਜਿਹੜੀ ਜੀਵ-ਇਸਤ੍ਰੀ ਪ੍ਰਭੂ-ਪਰਮਾਤਮਾ ਦੇ ਪਿਆਰ ਵਿਚ ਨਹੀਂ ਰੰਗੀਜਦੀ ਉਸ ਨੂੰ ਅੰਤ ਸਮੇਂ ਪਛੁਤਾਣਾ ਪਏਗਾ। ਇਸ ਲਈ ਮਨੁਖਾ ਜਨਮ ਦੀ ਵਾਰੀ ਮਿਲਣ ਤੇ ਵਾਹਿਗੁਰੂ ਨਾਮ ਜਪ ਕੇ ਉਸ ਪਿਆਰੇ ਪ੍ਰੀਤਮ ਨੂੰ ਰਾਵਣਾ ਚਾਹੀਦਾ ਹੈ। ਗੁਰਵਾਕ—

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥ ਹਾਥ ਪਛੋੜੈ ਸਿਰੁ ਧੁਣੈ, ਜਬ ਰੈਣਿ ਵਿਹਾਣੀ ॥੨॥
ਪਛੋਤਾਵਾ ਨਾ ਮਿਲੈ, ਜਬ ਚੂਕੈਗੀ ਸਾਰੀ ॥ ਤਾ ਫਿਰਿ ਪਿਆਰਾ ਰਾਵੀਐ, ਜਬ ਆਵੈਗੀ ਵਾਰੀ ॥੩॥
[ਤਿਲੰਗ ਮਲਾ ੧, ੭੨੪-੨੫)

ਮਹੀਨੇ ਦੇ ਅੰਤ ਵਿਚ ਗੁਰੂ ਪੰਚਮ ਪਾਤਸ਼ਾਹ ਜੀ ਫ਼ੁਰਮਾਂਦੇ ਹਨ ਕਿ ਜਿਹੜੇ ਪ੍ਰਾਣੀ ਜੀਵਨ-ਕਾਲ ਵਿਚ ਵਾਹਿਗੁਰੂ ਦੀ ਸ਼ਰਨ ਪੈਂਦੇ ਹਨ, ਵਾਹਿਗੁਰੂ ਜੀ ਨੂੰ ਹੀ ਆਪਣਾ ਓਟ-ਆਸਰਾ ਬਣਾਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਚਰਨ-ਕਮਲਾਂ ਰੂਪੀ ਜਹਾਜ਼ ਤੇ ਚੜ੍ਹਾ ਕੇ, ਪਾਰ-ਉਤਾਰਾ ਕਰ ਦੇਂਦੇ ਹਨ। ਉਨ੍ਹਾਂ ਨੂੰ ਨਰਕਾਂ ਵਿਚ ਨਹੀਂ ਪਾਇਆ ਜਾਂਦਾ, ਕਿਉਂਕਿ ਗੁਰੂ ਪਾਤਸ਼ਾਹ ਉਨ੍ਹਾਂ ਦੀ ਰਖਵਾਲੀ ਕਰਨ ਵਾਲਾ ਹਿਤੂ ਮਿਤਰ ਬਣ ਜਾਂਦਾ ਹੈ।

ਸੋ ਦੁਨਿਆਵੀ ਸਾਕਾਂ ਸਨਬੰਧੀਆਂ ਦੇ ਮੋਹ ਵਿਚ ਫਸਣ ਦੀ ਥਾਂ ਵਾਹਿਗੁਰੂ ਜੀ ਨਾਲ ਪਿਆਰ ਪਾ ਕੇ, ❋



www.AKJ.Org

# ਇਸ਼ਕ-ਮਜਾਜ਼ੀ ਤੇ ਇਸ਼ਕ-ਹਕੀਕੀ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜੋ ਪੁਰਸ਼ ਜਜ਼ਬਾਤੀ ਅਤੇ ਨਫ਼ਸਾਨੀ ਇਸ਼ਕ ਮੁਹੱਬਤ ਦੇ ਕ਼ਾਇਲ ਹਨ ਉਨ੍ਹਾਂ ਨੇ ਤਾਂ ਨਫਸਾਨੀ ਇਸ਼ਕ ਜਜ਼ਬੇ ਦੇ ਮੋਹ ਮਮਤਾ ਮਈ ਖ਼ਿਆਲ ਪ੍ਰਗਟ ਕਰਨ ਹੀ ਸਨ, ਪ੍ਰੰਤੂ ਜੋ ਜਨ ਇਸ਼ਕ-ਹਕੀਕੀ ਦੇ ਕਾਇਲ ਸਦਾਂਦੇ ਹਨ ਉਹ ਭੀ ਆਪਣੇ ਲੇਖਾਂ ਅੰਦਰ, ਆਪਣੇ ਖ਼ਿਆਲਾਂ ਅੰਦਰ ਸ਼ਹਿਵਤੀ (ਕਾਮ-ਉਪਜਾਊ) ਅਤੇ ਜਜ਼ਬਾਤੀ ਨਫ਼ਸ ਦੇ ਹੀ ਖ਼ਿਆਲ ਪ੍ਰਗਟ ਕਰਦੇ ਹਨ। ਐਸਾ ਜਾਪਦਾ ਹੈ ਕਿ ਤਿਨ੍ਹਾਂ ਅੰਦਰ ਗੁਰਮਤਿ-ਪ੍ਰਮਾਰਥ-ਭਿੰਨੇ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੀ ਉਤਪੰਨ ਨਹੀਂ ਹੋਇਆ। ਤਿਨ੍ਹਾਂ ਦੀ ਖ਼ੁਦ-ਸਾਖ਼ਤ ਇਬਾਰਤ-ਅਰਾਈ (ਨਿਜ-ਘੜੀ ਲੇਖਣੀ) ਭੀ ਬੜੀ ਹੀ ਗਿਰੀ ਹੋਈ ਜਜ਼ਬਾਤੀ ਕਵਿਤਾਵਾਂ ਨਾਲ ਭਰੀ ਹੋਈ ਹੋਵੰਦੀ ਹੈ।

ਅਸਾਡੇ ਪੰਥਕ ਪੇਪਰਾਂ ਦੇ ਐਡੀਟਰ ਅਜਿਹੇ ਵਹਿਣਾਂ ਵਿਚ ਹੀ ਰੁੜ੍ਹੇ ਹੋਏ ਹਨ। ਉਨ੍ਹਾਂ ਦੇ ਇਸ ਰੁੜ੍ਹਾਉ ਨੂੰ ਦੇਖ ਕੇ ਸਾਨੂੰ ਬੜੀ ਹੀ ਸ਼ਰਮ ਆਉਂਦੀ ਹੈ ਕਿ ਉਨ੍ਹਾਂ ਦੀ ਸੀਰਤੀ (ਅੰਦਰਲੀ ਕਰਤੂਤ) ਨਿਰੀ ਹੀ ਇਸ਼ਕ-ਮਜਾਜ਼ੀ ਦੇ ਖਿਆਲਾਂ ਵਾਲੀ ਭਰੀ ਹੋਈ ਹੁੰਦੀ ਹੈ। ਐਸਾ ਪ੍ਰਤੀਤ ਹੁੰਦਾ ਹੈ ਕਿ ਤਿਨ੍ਹਾਂ ਨੂੰ ਸੱਚੇ ਗੁਰਮਤਿ ਪ੍ਰਮਾਰਥੀ ਇਸ਼ਕ-ਹਕੀਕੀ ਦਾ ਲੇਸ ਮਾਤਰ ਹੀ ਨਹੀਂ ਲਗਿਆ ਹੁੰਦਾ। ਅਜਿਹੇ ਅਖੌਤੀ ਪ੍ਰਮਾਰਥੀ ਆਗੂ ਨਿਰੇ ਹੀ "ਬਿਖੁ ਭੂਲੇ ਲੇਖਾਰੀ" ਹੀ ਹੁੰਦੇ ਹਨ ਅਤੇ ਨਿਰਲੱਜ ਹੋ ਕੇ ਬਿਖੈ ਰਸ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ ਲਿਖੀ ਜਾਂਦੇ ਹਨ ਅਤੇ ਇਸ ਬਿਧਿ ਲਿਖੀ ਜਾਣ ਨੂੰ ਬੜਾ ਪ੍ਰਮਾਰਥੀ ਫ਼ਖ਼ਰ ਸਮਝਦੇ ਹਨ। ਇਹ ਲੋਗ ਵਾਰਸਸ਼ਾਹ ਵਾਲੇ ਹੀਰ ਰਾਂਝੇ ਦੇ ਜਜ਼ਬਾਤੀ ਇਸ਼ਕ ਵਾਲੇ ਖ਼ਿਆਲਾਤ ਲਿਖਣੋਂ ਨਹੀਂ ਸੰਕੋਚਦੇ। ਨਿਰੀ ਜ਼ਬਾਨਦਾਨੀ ਨੂੰ ਮੁਖ ਰਖਦੇ ਹੋਏ ਹਾਸ਼ਮ ਆਦਿਕ ਕਵੀਸ਼ਰਾਂ ਦੇ ਬਣਾਏ ਹੋਏ ਸੱਸੀ ਪੁੰਨੂੰ ਦੇ ਕਿੱਸਿਆਂ ਵਿਚ ਆਏ ਘਟੀਆ ਸ਼ਿਅਰ-ਓ-ਸੁਖਨ ਲਿਖੀ ਜਾਣ ਨੂੰ ਗੁਰਬਾਣੀ ਦੀ ਤੁਲਤਾ ਦੇਣਾ ਹੀ ਮਨ ਬਚਨ ਕਰਮ ਕਰਕੇ ਸਮਝੀ ਬੈਠੇ ਹਨ। ਗੁਰੂ ਨਾਨਕ ਸਾਹਿਬ ਦੇ ਘਰ ਦੀ ਪ੍ਰਮਾਰਥੀ ਹਕੀਕਤ ਉਨ੍ਹਾਂ ਦੇ ਨੇੜੇ ਹੀ ਨਹੀਂ ਢੁਕੀ। ਸੱਚੀ ਹਕੀਕਤ, ਸੱਚਾ ਹਕੀਕੀ ਇਸ਼ਕ ਕੇਵਲ ਗੁਰੂ ਨਾਨਕ ਸਾਹਿਬ ਦੀ ਇਲਾਹੀ ਰਚਨਾ ਗੁਰਬਾਣੀ ਅੰਦਰ ਹੀ ਹੈ।

ਜਿਹੜੇ ਇਸ ਸੱਚੀ ਹਕੀਕਤ ਤੋਂ ਘੁਥੇ ਹੋਏ ਹਨ, ਉਹ ਆਪਣਾ ਇਸ਼ਕ-ਮਜਾਜ਼ੀ ਕੂੜਾਵਾ ਧੰਧਾ ਹੀ ਪਿੱਟਦੇ ਹਨ। ਤਿਨ੍ਹਾਂ ਅਖੌਤੀ (*so called*) ਪ੍ਰਮਾਰਥੀ ਆਗੂਆਂ ਦੇ ਅੰਦਰ ਗੁਰਮਤਿ-ਭਿੰਨੀ-ਇਸ਼ਕ-ਹਕੀਕੀ ਵਾਲੀ ਸੱਚੀ ਗੁਲਜ਼ਾਰ ਹੀ ਨਹੀਂ ਖਿੜੀ। ਓਹ ਲੋਕ ਐਵੇਂ ਗੁਜ਼ਾਰਾ ਹੀ ਕਰਦੇ ਹਨ ਅਤੇ ਜਜ਼ਬਾਤੀ ਇਸ਼ਕ ਦੀਆਂ ਕਵਿਤਾਵਾਂ ਲਿਖ ਲਿਖ ਕੇ ਹੀ ਆਪਣੇ ਲੇਖ ਭਰਦੇ ਹਨ। ਭਰਦੇ ਉਹ ਹਨ, ਸ਼ਰਮ ਸਾਨੂੰ ਆਉਂਦੀ ਹੈ ਕਿ ਗੁਰੂ ਸਾਹਿਬ ਦੇ ਸਿੱਖ ਸਦਾ ਕੇ ਐਸਾ ਕਿਉਂ ਕਰਦੇ ਹਨ। ਅਜਿਹੇ ਲੇਖ, ਪੜ੍ਹਾਕੂਆਂ ਨੂੰ ਇਸ ਪਰਕਾਰ ਦੇ ਜਜ਼ਬਾਤੀ ਲੇਖ ਪੜ੍ਹ ਪੜ੍ਹ ਕੇ ਇਹੋ ਖਿਆਲ ਉਪਜਦਾ ਹੈ ਕਿ ਗੁਰਮਤਿ ਅੰਦਰ ਪ੍ਰਮਾਰਥੀ ਇਸ਼ਕ ਹਕੀਕੀ ਦੇ ਅਜਿਹੇ ਹੀ ਘਟੀਆ ਦਰਜੇ ਦੇ ਨਿਕੰਮੇ ਖ਼ਿਆਲਾਤ ਹੋਣਗੇ।

ਇਹ ਰਿਵਾਜ ਆਮ ਤੌਰ ਤੇ ਅਨੇਕਾਂ ਹੀ ਗੁਰਮੁਖੀ ਅੱਖਰਾਂ ਵਿਚ ਲਿਖੇ ਹੋਏ ਰਸਾਲਿਆਂ ਅਤੇ ਹਫ਼ਤਾਵਾਰੀ,

---

❋ ਉਸੇ ਦੀ ਸ਼ਰਨ ਲੈਣੀ ਚਾਹੀਦੀ ਹੈ। ਗੁਰ ਫ਼ਰਮਾਨ ਹੈ–

ਜੋ ਤੇਰੀ ਸਰਣਾਈ ਹਰਿ ਜੀਉ, ਤਿਨ ਕੀ ਕਰਹਿ ਪ੍ਰਤਿਪਾਲ ॥
ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ, ਪੋਹਿ ਨ ਸਕੈ ਜਮਕਾਲੁ ॥੨॥
ਤੇਰੀ ਸਰਣਾਈ ਸਚੀ ਹਰਿ ਜੀਉ, ਨਾ ਓਹ ਘਟੈ ਨ ਜਾਇ ॥
ਜੋ ਹਰਿ ਛੋਡਿ ਦੂਜੈ ਭਾਇ ਲਾਗੈ, ਓਹੁ ਜੰਮੈ ਤੈ ਮਰਿ ਜਾਇ ॥੩॥
ਜੋ ਤੇਰੀ ਸਰਣਾਈ ਹਰਿ ਜੀਉ, ਤਿਨਾ ਦੂਖ ਭੂਖ ਕਿਛੁ ਨਾਹਿ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਸਚੈ ਸਬਦਿ ਸਮਾਹਿ ॥੪॥੪॥ (ਪੰਨਾ ੧੩੩੩-੩੪)


www.AKJ.Org

ਰੋਜ਼ਾਨਾ ਅਖ਼ਬਾਰਾਂ ਦੇ ਐਡੀਟਰਾਂ ਦਾ ਹੋ ਗਿਆ ਹੋਇਆ ਹੈ ਕਿ ਨਿਰੀ ਆਪ-ਬਣਾਈ ਹੋਈ ਕਵਿਤਾ ਨੂੰ ਗੁਰਬਾਣੀ ਦੀ ਤੁਲਣਾ ਦੇ ਕੇ ਨਿਰਾ ਹੀ ਕੁਫ਼ਰ-ਕਮਾ ਰਹੇ ਹਨ। ਅਜਿਹੇ ਕਵੀਸ਼ਰ, ਜਿਨ੍ਹਾਂ ਦਾ ਇਹ ਵਤੀਰਾ ਹੋ ਗਿਆ ਹੈ ਕਿ ਗੁਰਬਾਣੀ ਜੈਸੀ ਇਲਾਹੀ ਬਾਣੀ ਨੂੰ ਭੀ ਨਿਰਾ ਕਵਿਤਾ ਦਾ ਦਰਜਾ ਹੀ ਦਿੰਦੇ ਹਨ, ਨਾ ਉਨ੍ਹਾਂ ਨੇ ਗੁਰਬਾਣੀ ਅੰਦਰ ਦਰਸਾਈ ਹੋਈ ਸੱਚੀ ਕਮਾਈ ਕੀਤੀ ਹੁੰਦੀ ਹੈ ਅਤੇ ਨਾ ਹੀ ਉਹ ਉਸ ਪੈਰਾਏ ਦੇ ਦਰਸਾਏ ਹੋਏ ਤੱਤ-ਹਕੀਕਤੀ ਗੁਰਮਤਿ ਖਿਆਲਾਂ ਤਾਈਂ ਅਪੜ ਸਕਦੇ ਹਨ। ਉਹ ਆਪਣੇ ਹੀ ਖ਼ਿਆਲਾਂ ਦੀ ਮਨੋ-ਮਨੀ ਬਣਾਈ ਗੁਰਮਤਿ ਖ਼ਿਆਲੀ ਉਤੇ ਹੀ ਧਿੰਙਾਣੇ ਆਫ਼ਰੇ ਫਿਰਦੇ ਹਨ ਅਤੇ ਆਨਮਤਾਂ ਦੀ ਰੀਸ ਕਰਦੇ ਹਨ। ਆਨਮਤਾਂ ਅੰਦਰ ਹਕੀਕੀ ਇਸ਼ਕ ਵਾਲਾ ਜਜ਼ਬਾ ਹੀ ਨਹੀਂ ਪਾਇਆ ਜਾਂਦਾ। ਉਹ ਘਟੀਆ ਦਰਜੇ ਦੇ ਆਪਣੇ ਨਫ਼ਸਾਨੀ ਖ਼ਿਆਲਾਤ ਦੀ ਉਪਜ ਨੂੰ ਹੀ ਹਕੀਕੀ ਇਸ਼ਕ ਦਾ ਦਰਜਾ ਦੇਈ ਫਿਰਦੇ ਹਨ। ਅਜਿਹੇ ਆਨਮਤੀ ਨਿਜ-ਘਾੜਤ-ਉਪਜ ਵਾਲੇ ਮਜ਼ਹਬਾਂ ਅੰਦਰ ਸੱਚੀ ਇਸ਼ਕ ਇਲਾਹੀ ਦਾ ਲੇਸ ਮਾਤਰ ਹੀ ਨਹੀਂ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਸ਼ਕ ਹਕੀਕੀ ਕਿਸ ਬਲੱਾ ਦਾ ਨਾਂ ਹੈ। ਸੱਚੀ ਹੱਕ-ਪ੍ਰਸਤੀ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰੋਂ ਆਈ ਇਲਾਹੀ ਬਾਣੀ ਵਿਚ ਦਰਸਾਈ ਹੈ। ਗੁਰਮਤਿ ਰੂਪੀ ਸੱਚਾ ਪ੍ਰਮਾਰਥ ਹੀ ਹਕੀਕੀ ਇਸ਼ਕ ਵਾਲਾ ਸੱਚਾ ਜਜ਼ਬਾ ਦਰਸਾਉਂਦਾ ਹੈ। ਜੋ ਕਚ-ਘਰੜ ਖਿਆਲਾਂ ਵਾਲੇ ਅਸਾਡੇ ਸਿੱਖ ਸਦਾਉਣ ਵਾਲੇ "ਬਿਖੁ ਭੂਲੇ ਲੇਖਾਰੀ" ਹਨ, ਉਨ੍ਹਾਂ ਨੂੰ ਭੀ ਸੱਚਾ ਈਮਾਨ ਗੁਰਬਾਣੀ ਦੇ ਸੱਚੇ ਰੁਅਜਾਨ (ਆਸ਼ੇ) ਉਪਰ ਨਹੀਂ ਆਇਆ। ਤਾਂ ਤੇ ਉਹ ਅਨਮਤੀਆਂ ਦੀ ਰੀਸੇ ਹੀ ਆਪਣਾ ਡੰਗ ਟਪਾਉਂਦੇ ਹਨ। ਗੁਰਬਾਣੀ ਅੰਦਰ ਦਰਸਾਈ ਸੱਚੀ ਫ਼ਜ਼ੀਲਤ (ਵਡਿਆਈ) ਨੂੰ ਨਹੀਂ ਜਾਂਚ ਸਕਦੇ। ਇਹ ਜਾਂਚ ਉਪਜਦੀ ਤਦ ਹੈ ਜੇ ਗੁਰਬਾਣੀ ਅੰਦਰ ਦਰਸਾਏ ਤੱਤ ਗੁਰਮਤਿ ਆਸ਼ੇ ਦੀ ਕਮਾਈ ਕੀਤੀ ਜਾਵੇ। ਅਸੀਂ ਸਾਫ਼ ਕਹਿਣ ਨੂੰ ਤਿਆਰ ਹਾਂ ਕਿ ਜਿਨ੍ਹਾਂ ਅਖੌਤੀ (*so called*) ਸਿੱਖ ਸਦਾਉਣ ਵਾਲੇ ਆਗੂਆਂ ਨੇ ਇਹ ਤੱਤ ਗੁਰਮਤਿ ਕਮਾਈ ਨਹੀਂ ਕੀਤੀ ਹੁੰਦੀ, ਉਹ ਕੱਚ-ਘਰੜ ਅਨਮਤੀਏ ਹੀ ਹਨ। ਤਿਨ੍ਹਾਂ ਨੂੰ ਸੱਚੀ ਗੁਰਮਤਿ ਦਾ ਮੁਸ਼ਕ ਮਾਤਰ ਭੀ ਨਹੀਂ ਆਇਆ। ਜੇ ਆਇਆ ਹੋਵੇ ਤਾਂ ਉਹ "ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ"* ਵਾਲੇ ਅੰਤ੍ਰੀਵੀ ਗੁਰਮਤਿ ਭਾਵ ਉਪਰ ਈਮਾਨ ਲਿਆਉਣ ਅਤੇ ਲੋਕਾਂ ਨੂੰ ਆਪਣੇ ਮਨ-ਘੜਤ ਸੋਹਲੇ ਬਣਾ ਕੇ ਭਰਮ ਵਿਚ ਨਾ ਭੁਲਾਉਣ।

ਵਾਹਿਗੁਰੂ ਸੱਚੇ ਦੇ ਦਰ ਘਰ ਦੀ ਖ਼ਬਰ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਹੋਈ ਹੈ ਅਤੇ ਸੱਚੇ ਵਾਹਿਗੁਰੂ ਦੇ ਦਰ ਘਰ ਦੀ ਗੁਰਬਾਣੀ ਦੁਆਰਾ ਹੀ ਧੁਰੋਂ, ਹਕੀਕੀ ਦਰਬਾਰੋਂ ਸੱਚੇ ਇਸ਼ਕ ਹਕੀਕੀ ਦੀ ਸੱਚੀ ਸੂਝ ਬੂਝ ਲਿਆਏ ਹਨ। ਇਹ ਨਿਜ-ਉਚਾਰੀ ਗੁਰਬਾਣੀ ਦੁਆਰਾ ਹੀ ਲਿਆਏ ਹਨ। ਇਸ ਸੱਚੀ ਸੂਝ ਬੂਝ ਦੇ ਲਿਆਉਣਹਾਰਾ ਨਾ ਕੋਈ ਹੋਇਆ ਹੈ ਨਾ ਕੋਈ ਹੋਵੇਗਾ। ਇਹ ਤਾਂ ਗੁਣ ਹਨ ਗੁਰਬਾਣੀ ਵਿਖੇ। ਜਿਨ੍ਹਾਂ ਨੂੰ ਵਾਹਿਗੁਰੂ ਦੇ ਸੱਚੇ ਦਰ ਘਰ ਦੀ ਖ਼ਬਰ ਅਤੇ ਸਾਰ ਹੀ ਨਹੀਂ ਉਨ੍ਹਾਂ ਨੂੰ ਇਸ਼ਕ ਹਕੀਕੀ ਦੀ ਕੀ ਸਾਰ ਹੋ ਸਕਦੀ ਹੈ?

ਜਿਤਨੀ ਵੀ ਕੱਚੀ ਬਾਣੀ ਹੈ ਉਹ ਸਭ ਇਸ਼ਕ ਮਜਾਜ਼ੀ ਦੇ ਨਫ਼ਸਾਨੀ ਜਜ਼ਬੇ ਵਾਲੇ ਸ਼ਿਅਰ-ਓ-ਸੁਖਨ ਵਿਚ ਬਨਾਵਟੀ ਸ਼ਾਇਰਾਂ ਨੇ ਬਣਾਈ ਹੈ। ਇਸ ਕੱਚੀ ਕੁਬਾਣੀ ਨੂੰ ਇਹ ਇਸ਼ਕ-ਜਜ਼ਬੇ ਵਾਲੇ ਜਜ਼ਬਾਤੀ ਪੁਰਸ਼ ਇਸ਼ਕ ਹਕੀਕੀ ਵਾਲੀ ਸੱਚੀ ਇਲਾਹੀ ਬਾਣੀ ਦਾ ਦਰਜਾ ਦਿੰਦੇ ਹਨ ਅਤੇ ਇਸ ਕੱਚੀ ਬਾਣੀ ਨੂੰ ਤੁਲਤਾ ਦੇਂਦੇ ਹਨ ਸੱਚੀ ਹਕੀਕੀ ਇਸ਼ਕ ਵਾਲੀ ਬਾਣੀ ਦੀ। ਇਸ਼ਕ ਹਕੀਕੀ ਵਾਲੀ ਬਾਣੀ ਸੱਚੀ ਹਕੀਕਤ ਹੱਕ ਰੱਬਾਨੀ ਦੀ ਮਹਿਵੀਅਤ (ਰੰਗ-ਲੀਨਤਾ) ਵਿਚ ਮਹਿਵ (ਲੀਨ) ਹੋਏ ਸੱਚੇ ਗੁਰੂ ਨਾਨਕ ਦਸੇ ਜਾਮਿਆਂ ਬਾਝੋਂ ਹੋਰ ਕੋਈ ਨਹੀਂ ਲਿਖ ਸਕਦਾ, ਜੈਸਾ ਕਿ ਪਹਿਲਾਂ ਭੀ ਪਰਗਟ ਕੀਤਾ ਜਾ ਚੁਕਾ ਹੈ। ਬੜੇ ਅਫ਼ਸੋਸ ਵਾਲੀ ਗੱਲ ਤਾਂ ਇਹ ਹੈ ਕਿ ਇਸ ਹਕੀਕਤ ਤੋਂ, ਗੁਰੂ ਨਾਨਕ ਦੀ ਪ੍ਰਗਟਾਈ ਹੋਈ ਸੱਚੀ ਇਲਾਹੀ ਬਾਣੀ ਤੋਂ ਘੁੱਥੇ ਹੋਏ ਅਖੌਤੀ (*so called*) ਨਿਰੀ ਖ਼ੁਦਸਾਖ਼ਤ ਸਹਿਤੀ (ਨਿਜ-ਘੜੀ ਕਾਮ-ਉਪਜਾਊ) ਕੁਬਾਣੀ ਨੂੰ, ਆਪੇਂ ਬਣਾਏ ਹੋਏ ਸ਼ਿਅਰ-ਓ-ਸੁਖਨ ਨੂੰ, ਗੁਰਬਾਣੀ, ਸੱਚੀ ਬਾਣੀ ਦਾ ਦਰਜਾ ਦੇਈ ਬੈਠੇ ਹਨ। ਇਹ ਸੁਣ ਕੇ ਬੜਾ ਹੀ ਸ਼ਰਮਸਾਰ ਹੋਣਾ ਪੈਂਦਾ ਹੈ ਕਿ

* ਮਾਝ ਮ: ੪, ਅੰਕ ੪੪੨, ਪੰਨਾ ੯੬

ਅਸਾਡੇ ਇਸ਼ਕ ਮਜਾਜ਼ੀ ਦੇ ਨਫ਼ਸਾਨੀ ਰੰਗ ਦੇ ਕੁਰੰਗੇ ਹੋਏ, ਨਿਰੀਆਂ ਰੰਗ-ਰਲੀਆਂ ਮਾਨਣ ਵਾਲੇ ਸ਼ਹਿਵਤੀ (ਕਾਮੀ) ਪੁਰਸ਼, ਸਿਨਮਿਆਂ ਵਿਚ ਆਈਆਂ ਅਤੇ ਨਿਰੇ ਜਜ਼ਬਾਤੀ ਇਸ਼ਕ ਵਿਚ ਪ੍ਰਗਟਾਈਆਂ, ਕੁਬਾਣੀਆਂ ਨੂੰ ਨਿਰੇ ਫੋਕੇ ਜ਼ਬਾਨ-ਦਾਨੀ ਦੇ ਭਰਮਾਂ ਵਿਚ ਭੁਲੇ ਹੋਏ ਇਸ਼ਕ ਮਜਾਜ਼ੀ ਦੇ ਵਿਚ ਨਫ਼ਸੁੱਟੇ ਹੋਏ (ਇੰਦਰਿਆਂ ਦੇ ਰਸਾਂ ਵਿਚ ਗ੍ਰਸੇ ਹੋਏ) ਪੁਰਸ਼ ਆਪਣੀ ਕੁਰਚਨਾ ਵਿਚ ਏਸੇ ਸਿਨਮਿਆਂ ਵਾਲੀ ਕੁ-ਰਚਨਾ ਤੇ ਗੁਰਬਾਣੀ ਵਿਚ ਮਿਲਾ ਕੇ ਨਿਰੀ ਨਫ਼ਸਾਨੀਅਤ ਨੂੰ ਉਭਾਰਦੇ ਹਨ। ਬਹੁਤ ਸਾਰੇ ਅਖੌਤੀ (*so called*) ਸਿੱਖ-ਆਗੂ ਨਿਧੜਕ ਹੋ ਕੇ ਸਿਨਮਾਵੀ ਫਿਲਮਾਵਾਂ ਨੂੰ ਗੁਰਮਤਿ ਦੇ ਗੂੜ੍ਹ-ਰੰਗੇ ਹਕੀਕੀ ਘਟਨਾਵਾਂ ਵਾਲੇ ਜੀਵਨਾਂ ਪ੍ਰਥਾਇ ਵਰਤਣੋਂ ਭੀ ਨਹੀਂ ਸ਼ਰਮਾਂਦੇ ਤੇ ਖੁੱਲ੍ਹ-ਮ-ਖੁੱਲ੍ਹਾ ਗੁਰਮਤਿ ਜੀਵਨਾਂ ਵਾਲੇ ਸ੍ਰੇਸ਼ਟ ਗੁਰਮੁਖ ਜਨਾਂ ਦੀਆਂ ਫ਼ਿਲਮਾਂ ਉਤਾਰਨ ਤੋਂ ਭੀ ਨਹੀਂ ਸੰਕੋਚਦੇ। ਇਹ ਨਿਰੀ ਮਨਮਤਿ ਹੈ, ਜਿਸ ਨੂੰ ਕਿ ਬੜੇ ਫ਼ਖ਼ਰ ਨਾਲ ਪ੍ਰਚਾਰਦੇ ਹਨ। ਫ਼ਿਲਮੀ ਸਿਨਮੇ ਦੀਆਂ ਤਸਵੀਰਾਂ ਦੇਣੀਆਂ ਨਿਰੀ ਮਨ-ਮਤੀਆਂ ਦੀ ਰੀਸ ਹੈ, ਜਿਹੜੇ ਸਰਾਸਰ ਜਜ਼ਬਾਤੀ ਇਸ਼ਕ ਮਜਾਜ਼ੀ ਦੇ ਨਫ਼ਸ-ਪ੍ਰਸਤ ਖੋਟੇ ਰੰਗਾਂ ਵਿਚ ਹੀ ਲੱਥ ਪੱਥ ਹੋਏ ਪਏ ਹਨ। ਇਹ ਗੁਰਮਤਿ ਦਾ ਨਿੱਗਰ ਪ੍ਰਚਾਰ ਨਹੀਂ, ਉਲਟਾ ਪ੍ਰਹਾਰ ਹੈ। ਇਸ਼ਕ ਹਕੀਕੀ ਦੇ ਸੱਚੜੇ ਸੋਹਿਲੇ ਗਾਵਣਹਾਰੇ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਕੁਬਹਿਤਾਂ (ਕੁਰੀਤਾਂ) ਵਿਚ ਨਹੀਂ ਪੈ ਸਕਦੇ। ਆਨ-ਮੱਤੀਆਂ ਦੀ ਰੀਸੋ-ਰੀਸੀ ਉਨ੍ਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ। ਕੱਚ-ਘਰੜ ਜਜ਼ਬਿਆਂ ਵਾਲੇ, ਇਸ਼ਕ ਮਜਾਜ਼ੀ ਵਾਲੇ, ਮਨ-ਮੰਨੇ ਸ਼ਿਅਰ-ਓ-ਸੁਖ਼ਨ ਬਣਾਉਣ ਵਾਲੇ ਘਟੀਆ ਦਰਜੇ ਦੇ ਆਨ-ਮਤਿ ਗ੍ਰਸੇ ਖੋਟੇ ਪੁਰਸ਼ਾਂ ਨੂੰ ਹੀ ਇਹ ਖੋਟ ਭਰੀ ਕੁਬਹਿਤ ਪਈ ਹੋਈ ਹੈ। ਐਸਾ ਜਾਪਦਾ ਹੈ ਕਿ ਉਨ੍ਹਾਂ ਦੇ ਪੱਲੇ ਹੋਰ ਕੁਝ ਹੈ ਹੀ ਨਹੀਂ। ਤਾਂ ਤੇ ਉਹ ਆਨਮੱਤੀ ਜਜ਼ਬੇ ਵਾਲੇ ਪੁਰਸ਼ ਖੋਟੇ ਕੁਢੰਗਾਂ ਦੇ ਇਸ਼ਕ ਮਜਾਜ਼ੀ ਵਾਲੇ ਜਜ਼ਬੇ ਪ੍ਰਗਟਾਉਣ ਜਣਾਉਣ ਨੂੰ ਹੀ ਆਪਣੇ ਮਨ ਦੀ ਮਤਿ ਦੁਆਰਾ ਇਸ਼ਕ ਹਕੀਕੀ ਦਾ ਜਜ਼ਬਾ ਸਮਝੀ ਬੈਠੇ ਹਨ, ਜੋ ਨਿਰੀ ਭਿਆਨਕ ਭੁੱਲ ਹੈ। ਗੁਰਮਤਿ ਤੋਂ ਭੁੱਲੇ ਭਟਕੇ ਪੁਰਸ਼ ਤਾਂ ਇਨ੍ਹਾਂ ਭੁੱਲਾਂ ਵਿਚ ਪੈ ਜਾਣ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ, ਪ੍ਰੰਤੂ ਗੁਰਮਤਿ-ਭਿੰਨੇ ਸੱਚੀ ਇਸ਼ਕ ਹਕੀਕੀ ਤੋਂ ਜਾਣੂੰ ਗੁਰਮੁਖਿ ਜਨ ਕਦੇ ਭੀ ਇਨ੍ਹਾਂ ਭੁੱਲਾਂ ਵਿਚ ਨਹੀਂ ਪੈ ਸਕਦੇ। ਅਸਲ ਗੱਲ ਇਹ ਹੈ ਕਿ ਗੁਰਮਤਿ, ਸੱਚੀ ਗੁਰਮਤਿ ਤੋਂ ਰਹਿ ਖੜੋਤੇ ਹੋਏ ਅੰਞਾਣ ਪੁਰਸ਼ ਸ੍ਰਵਣਾਂ ਕਰਕੇ ਭੀ ਤੇ ਰਸਨਾ ਕਰਕੇ ਭੀ ਰਚੀਆਂ ਕੁਬਾਣੀਆਂ ਤੇ ਰਸਾਂ ਕਸਾਂ ਵਿਚ ਉਲਝੇ ਹੋਏ ਹਨ। ਗੁਰਬਾਣੀ ਦੇ ਇਸ ਗੁਰਵਾਕ ਅਨੁਸਾਰ :—

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥੮੧॥(ਬਿਲਵਲੁ ਮ: ੫, ੮੨੦)

ਇਸ ਗੁਰਵਾਕ ਅਨੁਸਾਰ ਆਪਣਾ ਜੀਵਨ ਢਾਲਣਹਾਰੇ ਪ੍ਰੇਮੀ ਜਨ ਕਦੇ ਭੀ ਕੱਚੀਆਂ-ਪਿਚੀਆਂ ਕੱਚੀਆਂ ਧੁਨੀਆਂ ਵਾਲੇ ਗੀਤਾਂ ਦੇ ਕਹਿਣ ਸੁਣਨ ਵਿਚ ਪ੍ਰਵਿਰਤ ਨਹੀਂ ਹੋ ਸਕਦੇ। ਸੱਚੇ ਇਸ਼ਕ ਹਕੀਕੀ ਤੋਂ ਘੁਥੇ ਹੋਏ ਨਿਰੇ ਇਸ਼ਕ ਮਜਾਜ਼ੀ ਦੇ ਪੁਤਲੇ ਨਿਸ਼ੰਗ ਹੋ ਕੇ ਸਾਰੀ ਸਾਰੀ ਰਾਤ ਧੂਤਕੜੇ ਪਾਉਂਦੇ ਹਨ, ਇਸ਼ਕ ਮਜਾਜ਼ੀ ਵਾਲੇ ਭੰਗੜ੍ਹੇ ਪਾਉਣ ਨੂੰ ਹੀ ਸੱਚੀ ਭਗਤੀ ਸਮਝੀ ਬੈਠੇ ਹਨ। ਸਾਰੀ ਸਾਰੀ ਰਾਤ ਇਨ੍ਹਾਂ ਕੁਭੰਗੜਾ ਪਾਉਣ ਵਾਲੇ ਬੋਲ ਕੁਬੋਲੀ ਕੱਚੀਆਂ ਬਾਣੀਆਂ ਦੇ ਸੁਣਨ ਦਾ ਜਿਨ੍ਹਾਂ ਨੂੰ ਕੁਚੱਸਕਾ ਪਿਆ ਹੋਇਆ ਹੈ, ਉਹ ਇਨ੍ਹਾਂ ਭੰਗੜਾ ਪਾਉਣ ਵਾਲੇ ਕੁਭੰਗੜੀਆਂ ਨੂੰ ਹਟਾਉਂਦੇ ਹੋੜਦੇ ਹੀ ਨਹੀਂ। ਸਮਝ ਲਵੋ ਕਿ ਉਹ ਗੁਰਮਤਿ-ਰੰਗਾਂ ਵਾਲੀ ਸੱਚੀ ਹਕੀਕਤ (ਇਸ਼ਕ ਹਕੀਕੀ) ਤੋਂ ਬੜੇ ਹੀ ਪਰੇਡੇ ਗਏ ਹੋਏ ਹਨ। ਆਮ ਤੌਰ ਤੇ ਸ਼ਹਿਰਾਂ ਵਿਚ ਦੇਖੀਦਾ ਹੈ ਅਤੇ ਪਿੰਡਾਂ ਵਿਚ ਵੀ ਇਹ ਕੁਵਾਦੀ ਵਗ ਗਈ ਹੋਈ ਹੈ ਕਿ ਗ੍ਰਾਮੋਫ਼ੋਨ ਦੇ ਗੰਦੇ ਰੀਕਾਰਡ ਲਾਉਣ ਅਤੇ ਸੁਣਨ ਨੂੰ ਇਸ਼ਕ ਹਕੀਕੀ ਤੋਂ ਘੁਥੇ ਹੋਏ ਲੋਗ ਨਿਰਾ ਸਵਾਬ ਸਮਝੀ ਬੈਠੇ ਹਨ। ਹਾਲਾਂਕਿ ਨਿਰਾਂ ਹੀ ਕੁਸੰਗ ਇਨ੍ਹਾਂ ਵਿਚ ਭਰਿਆ ਪਿਆ ਹੁੰਦਾ ਹੈ। ਇਹ ਸੁਣ ਸੁਣ ਕੇ ਆਮ ਇਖ਼ਲਾਕੀ ਸਭਯ-ਲੋਕਾਈ ਵੀ ਬੜੀ ਸ਼ਰਮਿੰਦਾ ਹੁੰਦੀ ਹੈ। ਲੋਕਾਚਾਰੀ ਰੌਣਕਾਂ ਵਧਾਉਣ ਦੇ ਗੁਰਮਤਿ ਪ੍ਰਚਾਰ ਦੇ ਅਖੌਤੀ ਲੋਗ ਨਿਸੰਗ ਹੋ ਕੇ ਇਹ ਕੁਢੰਗ ਖੁਲ੍ਹ-ਮ-ਖੁਲ੍ਹਾ ਵਰਤਦੇ ਹਨ, ਜੋ ਜ਼ਾਹਿਰ ਕਰਦਾ ਹੈ ਕਿ ਇਨ੍ਹਾਂ ਦੇ ਅੰਦਰਿ ਸੱਚੀ ਗੁਰਮਤਿ ਦੇ ਜਜ਼ਬੇ ਵਾਲੀ, ਇਸ਼ਕ ਹਕੀਕੀ ਵਾਲੀ, ਮੁਸ਼ਕ


www.AKJ.Org

ਮਾਤਰ ਖ਼ੁਸ਼ਬੂ ਵੀ ਨਹੀਂ। ਜੇ ਹੋਵੇ ਤਾਂ ਇਹਨਾਂ ਕੁਰੰਗ ਵਾਲੇ ਰੰਗ-ਤਮਾਸ਼ਿਆਂ ਵਿਚ ਕੁ-ਰਚਣ ਨੂੰ ਕਿਉਂ ਫ਼ਖ਼ਰ ਸਮਝਿਆ ਜਾਵੇ ? ਗੁਰੂ ਨਾਨਕ ਸਾਹਿਬ ਦੀ ਦਰਸਾਈ ਹੋਈ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਸੱਚੜੀ ਗੁਰਮਤਿ ਵਿਚ ਪੈਣਾ ਆਮ ਲੋਕਾਚਾਰੀ ਲੋਗਾਂ ਲਈ ਬੜਾ ਹੀ ਕਠਨ ਹੈ। ਤਾਂ ਤੇ ਉਹ ਭਰਮ-ਭੂਲੇ ਹੋਏ ਲੋਗ ਇਨ੍ਹਾਂ ਕੁਸੰਗ ਭਰੇ ਗਰਾਮੋਫ਼ੋਨ ਅਤੇ ਸਿਨਮਾਲੋਨੀ ਕੁਸੰਗਾਂ ਵਿਚ ਹੀ ਟੱਕਰਾਂ ਮਾਰਦੇ ਫਿਰਦੇ ਹਨ। ਗੁਰੂ ਨਾਨਕ ਸਾਹਿਬ ਜੀ ਦੀ ਦਰਸਾਈ ਹੋਈ ਸੱਚੜੀ ਇਸ਼ਕ ਹਕੀਕੀ ਵਾਲੀ ਮੰਜ਼ਲ ਦੇ ਸੱਚੜੇ ਪਾਂਧੀ ਕਦੇ ਭੀ ਇਨ੍ਹਾਂ ਇੱਲਤਾਂ ਵਿਚ ਪੈ ਨਹੀਂ ਸਕਦੇ। ਅਸਾਡੇ ਪ੍ਰਚਾਰਕਾਂ ਉਤੇ ਇਨ੍ਹਾਂ ਖੋਟੜੀਆਂ ਕੁਬਹਿਤਾਂ ਦਾ ਬੜਾ ਬੁਰਾ ਅਸਰ ਪਿਆ ਹੋਇਆ ਹੈ। ਇਸ ਮਨਮਤਿ ਭਰੇ ਕੱਚੜੇ ਪਰਚਾਰ ਨੂੰ ਆਨਮੱਤਾਂ ਦੀ ਕੁਰੀਸੀਂ ਅਤੇ ਕੁਰੀਤੀ, ਦੇਖਾ-ਦੇਖੀ ਦੇ ਪ੍ਰਚਾਰਕ ਲਈ ਡੀਂਗ-ਮਾਰੂ ਹੋ ਕੇ ਪ੍ਰਚਾਰਦੇ ਹਨ ਅਤੇ ਨਿਰੇ ਹੀ ਏਸੇ ਕਪੋਲ ਕਿਰਿਆ ਵਾਲੇ ਇਸ਼ਕ ਮਜਾਜ਼ੀ ਦੇ ਜਜ਼ਬੇ ਵਿਚ ਰੁੜ੍ਹੇ ਹੀ ਚਲੇ ਜਾਂਦੇ ਹਨ, ਰੋਕੇ ਹੋਏ ਰੁਕਦੇ ਨਹੀਂ। ਸੱਚ ਪੁਛੋ ਤਾਂ ਉਨ੍ਹਾਂ ਦੇ ਪੱਲੇ ਹੀ ਕੁਛ ਨਹੀਂ।

ਅਸਾਡਾ ਦਸਣ ਦਾ ਇਹੋ ਅਭਿਪਰਾ ਹੈ ਕਿ ਆਨਮੱਤੀਆਂ ਦੀ ਰੀਸੇ ਕੁਰੀਸੇ ਗੁਰਮਤਿ ਦੇ ਸੱਚੇ ਰੰਗਾਂ ਵਿਚ ਰੰਗੀਜੇ ਜਾਣ ਵਾਲੇ ਹਕੀਕੀ ਸਿੱਖ ਭੀ ਆਨਮਤ ਦੇ ਵਹਿਣਾਂ ਵਿਚ ਪੈਣ ਬਾਰੇ ਪ੍ਰਚਾਰ ਤੋਂ ਨਹੀਂ ਟਲਦੇ। ਉਪਰੋਕਤ ਗੁਰਵਾਕ ਅਨੁਸਾਰ ਸੱਚੜੇ ਇਸ਼ਕ ਹਕੀਕੀ ਵਾਲੇ ਸੱਚੜੇ ਜਜ਼ਬੇ ਦੂਜੇ ਭਾਵ ਦੇ ਕੱਚੜੇ ਕੁਵਹਿਣਾਂ ਵਿਚ ਕਦੇ ਨਹੀਂ ਪੈਂਦੇ ਤੇ ਇਸ਼ਕ ਮਜਾਜ਼ੀ ਵਾਲੀਆਂ ਗੱਲਾਂ, ਟਾਹਰਾਂ ਸਮਝਦੇ ਹਨ। ਜਿਨ੍ਹਾਂ (*so called*) ਅਖੌਤੀ ਆਗੂਆਂ ਨੇ ਸੱਚੜੀ ਇਸ਼ਕ ਹਕੀਕੀ ਵਾਲੀ ਗੁਰਮਤਿ ਹਕੀਕਤ ਨੂੰ ਟਿੱਚ ਸਮਝਿਆ ਹੋਇਆ ਹੈ, ਉਹ ਆਪਣੀ ਮਨਮਤਿ ਭਰੀ ਕੁਰੰਗ ਕੁਰੀਤੀ ਨੂੰ ਪ੍ਰਚਾਰਨੋਂ ਕਦੇ ਨਹੀਂ ਸੰਕੋਚਦੇ, ਬਲਕਿ ਮਨ-ਮੰਨੇ ਆਨਮਤੀ ਕੁਰੰਗਾਂ ਵਾਲੇ ਇਸ਼ਕ ਮਜਾਜ਼ੀ ਨੂੰ ਹੀ ਇਸ਼ਕ ਹਕੀਕੀ ਵਾਲਾ ਸੱਚਾ ਗੁਰਮਤਿ-ਮਾਰਗ ਥਾਪੀ ਬੈਠੇ ਹਨ।

ਗੁਰਮਤਿ ਅਨੁਸਾਰ ਸੱਚੀ ਹੱਕ-ਪ੍ਰਸਤੀ, ਵਾਹਿਗੁਰੂ ਪਰਵਦਗਾਰ ਦੀ ਸੱਚੀ ਪੂਜਾ-ਪ੍ਰਤਿਸ਼ਟਾ ਵਾਲਾ ਪ੍ਰੇਮ ਭਰਿਆ ਜਜ਼ਬਾ ਹੀ ਅਸਲ ਇਸ਼ਕ ਹਕੀਕੀ ਦੀ ਨਿਸ਼ਾਨੀ ਹੈ। ਇਹ ਪ੍ਰੇਮ-ਪੂਜਾ ਗੁਰੂ ਨਾਨਕ ਸਾਹਿਬ ਜੀ ਨੂੰ ਵਾਹਿਗੁਰੂ ਜੀ ਦਾ ਪਰਤੱਖ ਦਰਸ਼ਨ ਕਰ ਕੇ ਪ੍ਰਾਪਤ ਹੋਈ ਅਤੇ ਗੁਰੂ ਨਾਨਕ ਸਾਹਿਬ ਜੀ ਨੇ ਨਦਰ ਮੇਹਰ ਕਰ ਕੇ, ਇਸ ਪੂਜਾ ਪ੍ਰੇਮ ਦੇ ਜਜ਼ਬੇ ਨੂੰ ਗੁਰਸਿਖਾਂ ਪ੍ਰਤੀ ਇਸ਼ਕ ਇਲਾਹੀ ਦੇ ਸੱਚੜੇ ਨਾਮ ਦੇ ਛੱਟੇ ਦੇ ਕੇ ਪ੍ਰਵਿਰਤ ਕੀਤਾ। ਨਾਮ ਦਵਾਰਾ ਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਪ੍ਰਗਟਾਈ। ਇਸ ਨਾਮ ਦੀ ਸੱਚੀ ਬਖ਼ਸ਼ਿਸ਼ ਹੀ ਸੱਚੀ ਹੱਕ-ਪ੍ਰਸਤੀ ਵਾਲਾ ਸੱਚੜਾ ਇਸ਼ਕ ਹਕੀਕੀ ਦਾ ਜਜ਼ਬਾ ਦ੍ਰਿੜ੍ਹਾਉਂਦੀ ਹੈ। ਸੱਚੜੇ ਨਾਮ ਦੀ ਪ੍ਰੇਮ-ਪੂਜਾ, ਅਭਿਆਸ ਦਾ ਖੰਡਾ ਖੜਕਾਉਣਾ ਹੀ ਸੱਚੀ ਇਸ਼ਕ ਇਲਾਹੀ ਦੀ ਧੁਨੀ ਨੂੰ ਅੰਤਰ-ਆਤਮੇ ਜਗਾਉਣਾ ਹੈ। ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਵਜੂਦ ਦੀ ਉਤਪਤੀ ਦੇ ਨਾਲੋ ਨਾਲ ਹੀ ਇਸ ਨਾਮ ਰੂਪੀ ਖੰਡੇ ਦੇ ਉਪਜਾਉਣ ਦੀ ਨਦਰ ਮੇਹਰ ਕੀਤੀ।

ਯਥਾ– ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥੧॥ ਆਸਾ ਦੀ ਵਾਰ, ਪੰਨਾ ੪੬੩

ਇਹ ਅਖੰਡਾਕਾਰ ਨਾਮ ਹੀ ਵਾਹਿਗੁਰੂ ਅਕਾਲ ਪੁਰਖ ਦਾ ਨਿਜ ਸਰੂਪ ਹੈ। ਇਸ ਤੋਂ ਬਿਨਾਂ ਹੋਰ ਸਭ ਦੂਜੀ ਕੁਦਰਤ ਹੈ, ਜਿਸ ਦੀ ਉਤਪਤੀ ਨਾਮ ਦੇ ਆਸਰੇ ਹੋਈ ਅਤੇ ਸਦਾ ਨਾਮ ਦੇ ਆਸਰੇ ਹੀ ਰਹਿੰਦੀ ਹੈ। ਦੂਜੀ ਕੁਦਰਤ ਦੀ ਉਪਾਸ਼ਨਾ ਵਿਚ ਪੈਣਾ,ਪੈਣ ਵਾਲਿਆਂ ਨੂੰ (*naturalist*)ਬਣਾਉਂਦਾ ਹੈ। ਗੁਰੂ ਨਾਨਕ ਜੀ ਦੇ ਦਰਸਾਏ ਨਾਮ ਦੀ ਪ੍ਰੇਮ-ਪੂਜਾ ਬਾਝੋਂ ਸਾਰਾ ਸੰਸਾਰ ਇਸ ਦੂਜੇ ਭਾਵ ਦੀ ਕੁਦਰਤ-ਮਈ ਉਪਾਸ਼ਨਾ ਭਰੀ ਬੁੱਤ-ਪ੍ਰਸਤੀ ਹੀ ਕਰਦਾ ਹੈ। ਦ੍ਰਿਸ਼ਟਮਾਨ ਕੁਦਰਤ ਦੀ ਉਪਾਸ਼ਨਾ ਉਪਾਸ਼ਕਾਂ ਨੂੰ ਬੜੀ ਹੀ ਸੁਖਾਲੀ ਪ੍ਰਤੀਤ ਹੁੰਦੀ ਹੈ, ਪ੍ਰੰਤੂ ਇਹ ਇਸ਼ਕ ਹਕੀਕੀ ਵਾਲੇ ਗੁਰਮਤਿ ਤੱਤ ਜਜ਼ਬੇ ਤੋਂ ਦੁਰੇਡੇ ਲੈ ਜਾਂਦੀ ਹੈ। ਆਨਮਤੀ ਸੂਫ਼ੀਆਂ ਦਾ ਜਿਤਨਾ ਵੀ ਤਸੱਵਫ਼ (ਪ੍ਰਮਾਰਥ) ਹੈ, ਸਭ ਏਸੇ ਹੀ ਬੁੱਤ-ਪ੍ਰਸਤੀ ਵਾਲੇ ਵਹਿਣਾਂ ਵਿਚ ਰੁੜ੍ਹਿਆ ਹੋਇਆ ਹੈ। ਸੂਫ਼ੀ ਜਨ ਵੇਦਾਂਤੀਆਂ ਦੀ ਨਿਆਈਂ "ਹਮਾ ਓਸਤ" ਜਾਂ "ਓ ਹਮਾ ਅਸਤ" ਵਾਲੇ ਖ਼ਿਆਲਾਂ ਦੀ ਨਿਜ-ਘੜਤ ਪੁਸ਼ਟੀ ਹੈ। ਅਨੇਕਾਂ ਵੇਦਾਂਤੀ ਅਤੇ ਸੂਫ਼ੀ ਜਨ ਨਿਜ ਖ਼ਿਆਲੀ ਵਹਿਣ ਵਿਚ ਪੈ ਕੇ ਆਪਣੇ ਆਪ ਨੂੰ ਰੱਬ ਗਰਦਾਨੀ


www.AKJ.Org

ਫਿਰਦੇ ਹਨ। ਤਾਂ ਤੇ ਸੂਫ਼ੀਆਂ ਦੀ ਹਕੀਕਤ-ਪ੍ਰਸਤੀ ਨਿਰਾ ਢੌਂਗ ਹੀ ਹੈ। ਸੂਫ਼ੀਆਂ ਦੇ ਮਸਲੇ ਅਨੁਸਾਰ ਨਿਜ-ਘੜੀ ਪ੍ਰਮਾਰਥ ਦੇ ਦਰਜੇ ਭੀ ਤਰੀਕਤ,ਹਕੀਕਤ ਅਤੇ ਮਾਰਫ਼ਤ ਬਣਾਏ ਹੋਏ ਹਨ। ਜਿਸ ਪਰਕਾਰ ਸੂਫ਼ੀਆਂ ਦੀ ਹਕੀਕਤ ਨਿਰਾ ਹੇਠਲਾ ਦਰਜਾ ਹੀ ਹੈ, ਏਸੇ ਪਰਕਾਰ ਸੂਫ਼ੀਆਂ ਦੀ ਮਾਰਫ਼ਤ ਭੀ ਨਿਰੀ ਕਪੋਲ ਕਿਰਿਆ ਹੀ ਹੈ।

ਤਾਂ ਤੇ ਸੱਚੀ ਹਕੀਕਤ ਅਤੇ ਇਸ਼ਕ ਹਕੀਕੀ ਵਾਲਾ ਸੱਚਾ ਜਜ਼ਬਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਹੈ। ਗੁਰਮਤਿ-ਭਿੰਨੀ ਮਾਰਫ਼ਤ ਸੱਚੜੇ ਇਸ਼ਕ ਇਲਾਹੀ ਦੇ ਜਜ਼ਬੇ ਵਾਲੀ ਹਕੀਕਤ ਗੁਰਮਤਿ ਦਵਾਰਾ ਦਰਸਾਈ ਹੈ ਤੇ ਕੇਵਲ ਨਾਮ ਦੇ ਖੰਡੇ ਦਵਾਰਾ ਹੀ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਈ ਗਈ ਹੈ। ਏਸੇ ਨਾਮ ਦੇ ਖੰਡੇ ਨੂੰ ਦ੍ਰਿੜ੍ਹਾ ਦਰਸਾ ਕੇ ਹੀ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਬਿਨਾਸ ਕਰਵਾਇਆ ਗਿਆ ਹੈ। ਗੁਰਮਤਿ-ਨਾਮ-ਭਿੰਨੜੇ ਜਪੁ ਨੀਸਾਣ ਦਾ ਖੰਡਾ ਖੜਕਦੇ ਹੀ, ਗੁਰਮਤਿ-ਨਾਮ ਦੇ ਪ੍ਰੇਮ ਪਲੀਤੇ ਵਾਲੇ ਪੁਜਾਰੀ ਸਿੱਖ, ਅਕਾਲ ਪੁਰਖ ਦੀ ਦਰਗਾਹ ਵਿਚ ਸਿੱਧੇ ਹੀ ਜਾ ਵਾਰਦ (ਦਾਖ਼ਲ) ਹੁੰਦੇ ਹਨ। ਤਿਨ੍ਹਾਂ ਨੂੰ ਤੱਤ ਗੁਰਮਤੀ ਇਸ਼ਕ ਹਕੀਕੀ ਦੀ ਸੱਚੜੀ ਸਾਰ ਹੁੰਦੀ ਹੈ। ਇਸ ਸਾਰ ਬਿਹੂਣ ਸਾਰੇ ਮਾਇਕ ਬਿਉਪਾਰੀ ਕੁਦਰਤ ਦੇ ਬੰਦੇ ਇਸ ਇਸ਼ਕ ਹਕੀਕੀ ਵਾਲੇ ਜਜ਼ਬੇ ਤੋਂ ਵਾਸਤਵ ਵਿਚ ਅੰਧਲੇ ਹੀ ਹਨ। ਨਾਮ ਦਾ ਖੰਡਾ ਖੜਕਾ ਕੇ ਗੁਰੂ ਨਾਨਕ ਸਾਹਿਬ ਨੇ ਤੀਨ ਲੋਕ ਅਤੇ ਚੌਦਾਂ ਭਵਨਾਂ ਵਿਖੇ ਅਕਾਲੀ ਝੰਡਾ ਝੁਲਾਇਆ ਹੈ। ਜੋ ਗੁਰਮੁਖਿ ਜਨ ਇਸ ਖੰਡੇ ਦੇ ਅਨਿੰਨ ਉਪਾਸ਼ਕ ਹੋਏ ਹਨ ਓਹ ਵਿਸਮਾਦ ਮਈ ਇਸ਼ਕ ਹਕੀਕੀ ਵਿਚ ਜੀਉਂਦੇ ਜਾਗਦੇ ਹੀ ਲੀਨ ਹੋ ਜਾਂਦੇ ਹਨ। ਤਿਨ੍ਹਾਂ ਦੀ ਮਾਰਫ਼ਤ ਭੀ ਸੱਚੜੀ ਹਕੀਕਤ ਮਈ ਇਸ਼ਕ ਹਕੀਕੀ ਦਾ ਸੱਚਾ ਜਜ਼ਬਾ ਹੁੰਦਾ ਹੈ। ਗੁਰਮਤਿ ਦੇ ਦਰਸਾਏ ਅਤੇ ਦ੍ਰਿੜ੍ਹਾਏ ਇਸ ਅਖੰਡਾਕਾਰ ਨਾਮ ਤੋਂ ਘੁਥੇ ਹੋਏ ਹੋਰ ਸਾਰੇ ਮਨੋ-ਮਨੀ ਦੇ ਪ੍ਰਮਾਰਥੀ ਪੈਰੋਕਾਰ ਬਣੇ ਹੋਏ ਹਨ ਅਤੇ ਮਨੋ-ਮਨੀ ਦੀ ਹੀ ਹਕੀਕਤ ਦੇ ਕਾਇਲ ਹਨ। ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਹੋਏ ਅਤੇ ਦ੍ਰਿੜ੍ਹਾਏ ਹੋਏ ਨਾਮ ਰੂਪੀ ਸੱਚੇ ਖੰਡੇ ਅੰਦਰਿ ਉਹ ਅਕਰਖਣੀ ਕਲਾ ਹੈ, ਜਿਸ ਦਵਾਰਾ ਕਿ ਸੱਚੀ ਹਕੀਕਤ ਅਤੇ ਸੱਚੜੀ ਮਾਰਫ਼ਤ ਵਾਲਾ ਇਸ਼ਕ ਹਕੀਕੀਆ ਜਜ਼ਬਾ ਸੁਤੇ ਸਿੱਧ ਹੀ ਅਨਿੰਨ ਉਪਾਸ਼ਕ ਗੁਰਸਿੱਖਾਂ ਦੇ ਹਿਰਦੇ ਵਿਚ ਪਰਵੇਸ਼ ਹੋ ਜਾਂਦਾ ਹੈ। ਓਹ ਹੀ ਇਸ਼ਕ ਹਕੀਕੀ ਦੇ ਸੱਚੇ ਰੰਗਾਂ ਨੂੰ ਮਾਣਦੇ ਹਨ ਅਤੇ ਇਨ੍ਹਾਂ ਰੰਗਾਂ ਵਿਚ ਹੀ ਮਸਤੁਲ ਮਸਤ ਹੋ ਕੇ ਸੱਚੜੀ ਇਸ਼ਕ ਹਕੀਕਤ ਨੂੰ ਪਛਾਣਦੇ ਹਨ। ਤਾਂ ਤੇ ਨਾਮ ਰੂਪੀ ਖੰਡੇ ਦੀ ਅਖੰਡਾਕਾਰ ਕਮਾਈ ਕਰਨਾ ਹੀ ਸੱਚੜੀ ਇਸ਼ਕ ਇਲਾਹੀ ਵਾਲੀ ਮਾਰਫ਼ਤ-ਭਿੰਨੀ ਹਕੀਕਤ ਹੈ। ਇਸ ਤੋਂ ਬਿਨਾਂ ਹੋਰ ਹਕੀਕਤ ਕੈਸੀ ?

ਮਹਿਜ਼ ਮਨ-ਘੜਤ ਮਾਰਫ਼ਤ ਅਤੇ ਮਨ-ਘੜਤ ਹਕੀਕਤ ਹੇਠਲੇ ਦਰਜੇ ਦੀ ਹਕੀਕਤ ਹੀ ਰਹਿ ਜਾਂਦੀ ਹੈ, ਜੋ ਵਾਸਤਵ ਵਿਚ ਹਕੀਕਤ ਕੋਈ ਨਹੀਂ। ਜਿਸ ਹਕੀਕਤ ਦੀ ਸੱਚੜੀ ਇਸ਼ਕ ਇਲਾਹੀ ਦੀ ਕਸੌਟੀ ਦਵਾਰਾ ਅੰਦਰਲੇ ਬਾਹਰਲੇ ਦੂਤਾਂ ਦੈਂਤਾਂ ਦਾ ਨਾਸ਼ ਨਹੀਂ ਹੁੰਦਾ, ਓਹ ਹਕੀਕਤ ਦਰ-ਅਸਲ ਨਾਸਤਕਤਾ ਵਾਲੀ ਪੁਠ ਹੀ ਹੁੰਦੀ ਹੈ, ਜਿਸ ਦਾ ਛਿਨ ਭੰਗਰੀ ਸਵਾਦ ਆਪਣੇ ਆਪ ਨੂੰ ਰੱਬ ਮੰਨਣ ਵਾਲਿਆਂ ਦੇ ਦਿਲੋ-ਦਿਮਾਗ ਵਿਚ ਥੋੜਾ ਚਿਰ ਹੀ ਸੁਰਾਇਤ (ਪ੍ਰਵੇਸ਼) ਕਰੀ ਰਖਦਾ ਹੈ, ਓੜਕ ਫੋਕਾ ਪ੍ਰਤੀਤ ਹੋ ਕੇ ਰਹਿ ਜਾਂਦਾ ਹੈ। ਨਾਮ ਦੇ ਖੰਡੇ ਦੀ ਉਪਾਸ਼ਨਾ ਵਾਲੀ ਗੁਰਮਤਿ-ਕਸੌਟੀ ਤੋਂ ਉਰੇ ਰਹਿ ਜਾਣ ਵਾਲੇ ਅਖੌਤੀ (*so called*) ਸਿਖ ਭੀ ਨੀਵੇਂ ਦਰਜੇ ਦੀ ਬੁੱਤ-ਪ੍ਰਸਤੀ ਵਿਚ ਪੈ ਜਾਂਦੇ ਹਨ। ਜਿਸ ਦੇ ਕਾਰਨ ਓਹ ਇਸ਼ਕ ਜਜ਼ਬਾਤੀ ਵਾਲੇ ਸ਼ਿਅਰ-ਓ-ਸੁਖ਼ਨ ਨੂੰ ਉਚਾਰਨਾ ਜਾਣਦੇ ਹਨ ਅਤੇ ਜਾਣ ਬੁੱਝ ਕੇ ਐਸੇ ਨੀਵੇਂ ਦਰਜੇ ਦੀ ਇਸ਼ਕ ਜਜ਼ਬਾਤੀ ਵਾਲੀ ਬੁੱਤ-ਪ੍ਰਸਤੀ ਨੂੰ ਇਸ਼ਕ ਹਕੀਕੀ ਕਰਕੇ ਮੰਨੀ ਬੈਠੇ ਹਨ।

ਜਿਨ੍ਹਾਂ ਵਡਭਾਗੇ ਗੁਰਸਿੱਖਾਂ ਨੇ ਸੱਚੜੀ ਗੁਰਮਤਿ ਮੱਤੜੀ ਗ੍ਰਹਿਣ ਕੀਤੀ ਹੈ ਓਹ ਸੱਚੜੇ ਨਾਮ ਦਾ ਖੰਡਾ ਖੜਕਾਉਂਦੇ ਹੋਏ ਹੀ ਧੁਰ ਦਰਗਾਹ ਜਾ ਪਹੁੰਚਣਗੇ ਅਤੇ ਜਿਤਨੀ ਜੀਵਨੀ ਏਥੇ ਇਸ ਸੰਸਾਰ ਵਿਖੇ ਰਹਿ ਕੇ ਬਿਤਾਉਣਗੇ ਉਹ ਵੀ ਸਾਰੀ ਦੀ ਸਾਰੀ ਸਮੁੱਚੀ ਹੀ ਇਸ਼ਕ ਹਕੀਕੀ ਦੇ ਸੱਚੜੇ ਜਜ਼ਬੇ ਵਾਲੀ ਸੱਚੜੀ ਜੀਵਨੀ ਹੋਵੇਗੀ। ਫੋਕੇ ਇਸ਼ਕ ਮਜਾਜ਼ੀ ਦੀਆਂ ਫੜ੍ਹਾਂ ਮਾਰਨ ਵਾਲੇ ਕਦੇ ਵੀ ਗੁਰਮਤਿ-ਤੱਤ-ਦਰਸੀ ਇਸ਼ਕ ਹਕੀਕੀ ਦੇ ਤੱਤ ਜਜ਼ਬੇ ਨੂੰ ਪ੍ਰਾਪਤ ਨਹੀਂ ਹੋ ਸਕਦੇ। ਏਸੇ ਹੀ ਨਫ਼ਸ-ਪ੍ਰਸਤੀ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਸਾਰੇ ਸੰਸਾਰ ਨੂੰ


www.AKJ.Org

ਬਾਹਰ ਕੱਢਣ ਲਈ ਨਿਰੰਕਾਰੀ ਗੁਰੂ ਨਾਨਕ ਸਾਹਿਬ ਜੀ ਨੇ ਖੰਡਾ-ਖੜਕਾਰੀ-ਚੋਜ ਵਰਤਾਇਆ ਅਤੇ ਇਸ ਬਿਧਿ ਚੋਜ-ਚੋਜਾਰੀ ਗੁਰਸਿੱਖਾਂ ਉਪਰ ਗੁਰੂ ਕੇ ਹੁਕਮ ਮੰਨਣਹਾਰੀ ਬਰਕਤ ਬਰਸੀ। ਅਤੇ ਐਸੀ ਬਰਸੀ ਕਿ ਓਹ ਇਸ਼ਕ ਮਜਾਜ਼ੀ ਵਾਲੇ ਫੋਕਟ ਜਜ਼ਬੇ ਦੇ ਵਹਿਣ ਵਿਚ ਉੱਕੇ ਹੀ ਨਹੀਂ ਰੁੜ੍ਹੇ। ਨਿਰੰਕਾਰੀ ਚੋਜ-ਚੋਜਾਰੀ ਗੁਰਮਤਿ ਨਾਮ ਅਖੰਡਾਕਾਰੀ ਖੰਡੇ ਨੇ ਤਿਨ੍ਹਾਂ ਨੂੰ ਹੱਥ ਦੇ ਕੇ ਰੱਖ ਲਿਆ। ਗੁਰੂ ਸੱਚਾ ਪਾਤਸ਼ਾਹ ਮੇਹਰ ਕਰੇ ਆਪ, ਨਾਮ-ਧਰੀਕ ਇਸ਼ਕ ਮਜਾਜ਼ ਵਾਲੇ ਸਿੱਖਾਂ ਨੂੰ ਭੀ ਇਸ ਨਫ਼ਸਾਨੀ ਜਜ਼ਬੇ ਵਾਲੇ ਚਿੱਕੜ ਤੋਂ ਧੂਹ ਕੇ ਬਾਹਰ ਕੱਢ ਲਵੇ ਅਤੇ ਮੁੜ ਇਧਰ ਪ੍ਰਵੇਸ਼ ਹੋਣ ਹੀ ਨਾ ਦੇਵੇ ਅਤੇ ਪੂਰਨ ਦਿਆਲੂ ਹੋ ਕੇ ਪਤਿਤਾਂ ਨੂੰ ਉਧਾਰ ਲਵੇ। ਭਾਈ ਗੁਰਦਾਸ ਜੀ ਦੇ ਇਸ ਸੱਚੀ ਪ੍ਰਾਰਥਨਾ ਦੇ ਵਾਕ ਅਨੁਸਾਰ :–

ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ ॥੬੨੨॥ –ਕਬਿਤ ਸਵੱਯੇ ਭਾਈ ਗੁਰਦਾਸ ਜੀ ਵਾਲਾ ਸੱਚੜਾ ਨਗਮਾ ਗਾਉਣ ਦਾ ਇਹਨਾਂ ਮੇਹਰ-ਪਾਤਰਾਂ ਨੂੰ ਅਵਸਰ ਬਖ਼ਸ਼ੇ।

"ਗੁਰਮਤਿ ਲੇਖ" ਪੁਸਤਕ ਵਿਚ

# ਟੀ.ਵੀ. ਇਕ ਭਿਆਨਕ ਰੋਗ

ਪ੍ਰਿੰਸੀਪਲ ਬਖ਼ਤਾਵਰ ਸਿੰਘ ਰੀ:, ਕੋਟ ਗਰੇਵਾਲ] (ਜਲੰਧਰ) ]

ਉਪਰੋਕਤ ਸਿਰਲੇਖ ਹੇਠ ਭਾਈ ਅਮਰਜੀਤ ਸਿੰਘ ਜੀ ਨਿਹੰਗ ਦਾ ਲੇਖ 'ਸੂਰਾ' ਅਪ੍ਰੈਲ '91 ਚਿ ਛਪਿਆ ਹੈ। ਉਸ ਨੇ ਬੁਧੀਜੀਵੀ ਪੰਥ-ਸੇਵਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਬੀਮਾਰੀ ਦੀ ਪਰਖ ਕਰਕੇ ਇਸ ਦੇ ਸਿਖ ਕਲਚਰ ਤੇ ਪਏ ਭਿਆਨਕ ਅਸਰਾਂ ਤੋਂ ਬਚਾਉਣ ਲਈ ਸੁਝਾਉ ਪੇਸ਼ ਕਰਨ। ਦਾਸ ਆਪਣੇ ਤੁਛ ਵੀਚਾਰ ਸੂਰਾ ਦੇ ਪਾਠਕਾਂ ਦੇ ਵੀਚਾਰ ਗੋਚਰੇ ਪੇਸ਼ ਕਰ ਰਿਹਾ ਹਾਂ।

ਕਹਿੰਦੇ ਹਨ ਜਿ ਕਿਸੇ ਕੌਮ ਨੂੰ ਸਰੀਰਕ, ਮਾਨਸਕ, ਆਤਮਕ ਤੌਰ ਤੇ ਤਬਾਹ ਕਰਨਾ ਹੋਵੇ ਤਾਂ ਉਸ ਕੌਮ ਦੇ ਨੌਜਵਾਨਾਂ ਨੂੰ ਨਸ਼ਿਆਂ ਚਿ ਗੁਸ ਦਿਉ, ਸਾਹਿਤ ਉਹ ਉਨ੍ਹਾਂ ਤਕ ਪੁਚਾਵੋ ਜਿਹੜਾ ਅਸ਼ਲੀਲ ਹੋਵੇ, ਭਰਮ ਭੁਲੇਖਿਆਂ ਚਿ ਪਾਉਂਦਾ ਹੋਵੇ, ਧਰਮ ਤੋਂ ਪਰੇ ਲਿਜਾਂਦਾ ਹੋਵੇ। ਅਤੇ ਮਾਸ ਮੀਡੀਆ (ਜਨਤਕ ਮਾਧਿਅਮ) ਰਾਹੀਂ ਨੌਜਵਾਨਾਂ ਦੀ ਵੀਚਾਰਧਾਰਾ ਨੂੰ ਬਦਲ ਕੇ ਰਖ ਦਿਓ।

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥੭॥ (ਪੰਨਾ ੭੫੫)

ਟੀ.ਵੀ. ਤੇ ਜੋ ਅਜ ਕਲ ਫਿਲਮਾਂ ਦਿਖਾਈਆਂ ਜਾਂਦੀਆਂ ਹਨ, ਗਾਣੇ ਗਾਏ ਜਾਂਦੇ ਹਨ, ਉਹ ਸਭ ਕਾਮ-ਉਕਸਾਊ ਅਤੇ ਹਿੰਸਾ-ਭੜਕਾਊ ਹਨ। ਜਿਹੜੀਆਂ ਰਾਮਾਇਣ ਅਤੇ ਮਹਾਂਭਾਰਤ ਦੀਆਂ ਸੀਰੀਜ਼ ਸਾਲਾਂ ਬਧੀ ਦਿਖਾਈਆਂ ਗਈਆਂ ਸਨ, ਉਹ ਸਭ ਸਿਖ ਕਲਚਰ ਦੀ ਥਾਂ ਪੁਰਾਣੀ ਮਿਥਿਹਾਸਕ ਹਿੰਦੂ ਕਲਚਰ ਨੂੰ ਹੀ ਉਜਾਗਰ ਕਰਨਾ ਸੀ। ਉਸ ਦਾ ਅਸਰ ਸਿਖ ਬੱਚਿਆ, ਨੌਜਵਾਨਾਂ, ਮਾਪਿਆਂ ਤੇ ਬਹੁਤ ਭਿਆਨਕ ਪੈ ਚੁਕਾ ਹੈ। ਉਸ ਦੇ ਪ੍ਰਭਾਵ ਹੇਠ ਸਿਖ ਉਹੀ ਕੁਝ ਕਰਨ ਲਗ ਪਏ ਹਨ ਅਤੇ ਉਹੋ ਬਿਪਰਨ ਦੀਆਂ ਰੀਤਾਂ ਕਰੀ ਜਾਂਦੇ ਹਨ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਰੋਕਿਆ ਹੋਇਆ ਹੈ।

ਸਿਖ ਗੁਰੂ ਵਾਲੀ ਪ੍ਰਤੀਤ ਖੋਹ ਬੈਠੇ ਹਨ। ਨਾਂ ਦੇ ਹੀ ਭੇਖੀ ਸਿਖ ਬਣੇ ਹੋਏ ਹਨ। ਕੋਈ ਵਿਰਲੇ ਹੀ ਹਨ ਜਿਨ੍ਹਾਂ ਚਿ ਸਿਖੀ ਦਾ ਉਚਾ, ਸੁਚਾ ਆਚਰਨ ਕਾਇਮ ਹੈ। ਇਹੀ ਕਾਰਨ ਹੈ ਕਿ 'ਸਰਕਾਰ' ਪੰਜਾਬ ਅਤੇ ਪੰਥ ਦੇ 'ਹੱਕ' ਦੇਣ ਨੂੰ ਭੀ ਤਿਆਰ ਨਹੀਂ। ਅਕ੍ਰਿਤਘਣਾਂ, ਵਿਸ਼ਵਾਸ ਘਾਤੀਆਂ ਨੇ ਜੋ ਸਿੱਖਾਂ ਨਾਲ ਇਕਰਾਰ ਕੀਤੇ ਸਨ, ਉਨ੍ਹਾਂ ਨੂੰ ਭੀ ਭੁਲਾ ਛੱਡਿਆ ਹੈ।

ਗੁਰਬਾਣੀ ਦਾ ਵਿਉਪਾਰ ਹੋ ਰਿਹਾ ਹੈ। ਕੀਤੇ ਕਰਾਏ ਪਾਠ, ਕਢੇ ਕਢਾਏ ਵਾਕ ਵੇਚੇ ਤੇ ਖਰੀਦੇ ਜਾ ਰਹੇ ਹਨ। ਪਤਿਤ-ਪੁਣਾ ਵਧਦਾ ਜਾ ਰਿਹਾ ਹੈ। ਨਸ਼ਿਆਂ ਦੀ ਵਰਤੋਂ ਆਮ ਸਿੱਖ ਕਰਦੇ ਹਨ, ਹਾਲਾਂ ਕਿ ਗੁਰੂ ਸਾਹਿਬਾਨ ਦਾ ਫੁਰਮਾਨ ਹੈ–

ਬਾਬਾ ਹੋਰ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥... ❋



www.AKJ.Org

# ਸਿਖ ਮਸਲਾ
# ਗੱਲ ਬਿਗੜੀ ਕਿਉਂ ਅਤੇ ਸੁਧਰੇ ਕਿਵੇਂ ?

[ਭਾਈ ਜੋਗਿੰਦਰ ਸਿੰਘ ਜੀ ਤੁਲਵਾੜਾ]

ਸਿਖ ਸਮੱਸਿਆ ਦਰ-ਅਸਲ ਸਿਖ-ਸਿਧਾਂਤ ਦੀ ਉਲੰਘਣਾ ਤੋਂ ਉਪਜੀ ਹੈ। ਸਿਖ-ਸਿਧਾਂਤ ਹੈ **ਕੀ, ਅਤੇ ਇਸ** ਦੀ ਉਲੰਘਣਾ ਕਿਸ ਪੱਖੋਂ ਹੋਈ ਹੈ, ਇਸ ਸੰਬੰਧੀ ਦੀਰਘ ਵਿਚਾਰ ਕਰਨ ਨਾਲ ਸਥਿਤੀ ਸਪੱਸ਼ਟ ਹੋ ਜਾਂਦੀ ਹੈ।

**ਸਿਖ-ਸਿਧਾਂਤ–**

1) ਸਿਖ-ਸਿਧਾਂਤ ਅਨੁਸਾਰ ਮਨੁਖੀ ਜੀਵਨ ਦੇ ਕਲਿਆਨ ਦਾ ਮੂਲ-ਤੱਤ 'ਧਰਮ' ਹੈ। ਇਕ ਪਾਸੇ ਆਪਣੇ ਰਚਨਹਾਰ ਕਰਤਾਰ ਨਾਲ ਅਤੇ ਦੂਜੇ ਪਾਸੇ ਆਪਣੇ ਮਨੁਖੀ ਭਾਈਚਾਰੇ ਨਾਲ ਪਾਕ ਰਿਸ਼ਤੇ ਦਾ ਨਾਂ 'ਧਰਮ' ਹੈ। 'ਧਰਮ' ਮਨੁਖ ਦੇ ਸਰਬ-ਪੱਖੀ ਵਿਕਾਸ ਅਤੇ ਸਮੁਚੇ ਜੀਵਨ ਦੇ ਕਲਿਆਨ ਦਾ ਜ਼ਾਮਨ ਹੈ। 'ਧਰਮ' ਮਨੁੱਖੀ ਜੀਵਨ ਦੇ ਸਾਰੇ ਪੱਖਾਂ (ਅਧਿਆਤਮਕ, ਸਮਾਜਕ ਅਤੇ ਰਾਜਨੀਤਕ) ਵਿਚ ਅਗਵਾਈ ਕਰਨ ਦੇ ਸਮਰੱਥ ਹੈ।

2) 'ਧਰਮ' ਅਤੇ 'ਪੰਥ' ਦੋਵੇਂ ਸਮ-ਅਰਥੀ ਸ਼ਬਦ ਹਨ। ਦੋਹਾਂ ਦਾ ਪ੍ਰਯੋਜਨ 'ਪਰਮਾਤਮਾ ਦੀ ਪ੍ਰਾਪਤੀ ਦਾ ਰਾਹ' ਹੈ। 'ਧਰਮ ਕਾ ਜੈਕਾਰ' ਅਤੇ 'ਪੰਥ ਕੀ ਜੀਤ' ਸਾਡੇ ਕੌਮੀ ਬੋਲੇ ਹਨ। ਅਰਦਾਸ ਰਾਹੀਂ ਜਦੋਂ ਸਾਡਾ ਪ੍ਰਭੂ ਨਾਲ ਸੰਬੰਧ ਜੁੜਦਾ ਹੈ ਤਾਂ ਅਸੀ ਇਹਨਾਂ ਬੋਲਿਆਂ ਰਾਹੀਂ ਨਿਜੀ ਸੁਆਰਥਾਂ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਕੁਰਬਾਨ ਕਰਨ ਦੀ ਬਾਰ ਬਾਰ ਪ੍ਰਤੱਗਿਆ ਕਰਦੇ ਹਾਂ। ਜਿਹੜੇ ਲੋਕੀ ਨਿਜੀ ਸੁਆਰਥਾਂ ਦੀ ਖ਼ਾਤਰ ਪੰਥਕ ਹਿਤਾਂ ਨੂੰ ਕੁਰਬਾਨ ਕਰਦੇ ਹਨ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਅਨੁਸਾਰ "ਰੌਲੇ ਗੌਲੇ ਦੇ ਸਿਖ" ਹਨ। ਪੰਥ ਨੂੰ ਜੇ ਕੋਈ ਖ਼ਤਰਾ ਹੈ ਤਾਂ ਕੇਵਲ "ਰੌਲੇ ਗੌਲੇ ਦੇ ਸਿਖਾਂ" ਪਾਸੋਂ ਹੈ, ਜੋ ਅੰਦਰਖਾਤੇ ਪੰਥ ਨਾਲ ਧ੍ਰੋਹ ਕਰਦੇ ਹਨ, ਪਰ ਬਾਹਰੋਂ ਸਭ ਤੋਂ ਵਡੇ ਪੰਥ-ਹਿਤੈਸ਼ੀ ਹੋਣ ਦਾ ਦਾਅਵਾ ਬੰਨ੍ਹਦੇ ਹਨ।

3) ਖਾਲਸੇ ਦੀ ਸਿਰਜਨਾ ਦਾ ਮੁਖ-ਪਰਯੋਜਨ "ਧਰਮ ਕਾ ਜੈਕਾਰ" ਹੈ। 'ਧਰਮ' ਦੀ ਰੂਪ ਰੇਖਾ ਅਕਾਲ-ਸੁਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਨਿਜੀ ਬਚਨਾਂ ਨੂੰ ਨਿਰੂਪਨ ਕਰਦਿਆਂ ਇਉਂ ਨਿਰਧਾਰਤ ਕੀਤੀ ਹੋਈ ਹੈ :–

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਧਿਆਇ ੬)

ਸਪੱਸ਼ਟ ਹੈ 'ਸੰਤ ਉਬਾਰਨ' ਅਤੇ 'ਦੁਸਟ ਉਪਾਰਨ' ਦਰ-ਅਸਲ 'ਧਰਮ ਚਲਾਵਨ' ਦੇ ਹੀ ਵਖ ਵਖ ਪਹਿਲੂ ਹਨ, ਜਿਨ੍ਹਾਂ ਦੀ ਇਕੋ ਜਿੰਨੀ ਮਹੱਤਤਾ ਹੈ। ਇਸ ਅਨੁਸਾਰ 'ਪੀਰੀ' ਅਤੇ 'ਮੀਰੀ' 'ਧਰਮ ਚਲਾਵਨ' ਦੇ ਹੀ ਦੋ ਪਹਿਲੂ ਹਨ ਤੇ ਇਹਨਾਂ ਦੀ ਅਨਿਖੜਵੀਂ ਸਾਂਝ ਹੈ। 'ਪੀਰੀ' ਤੋਂ ਭਾਵ ਹੈ "ਅਧਿਆਤਮਕ ਖੇਤਰ ਵਿਚ ਅਗਵਾਈ" ਅਤੇ 'ਮੀਰੀ' ਤੋਂ ਭਾਵ ਹੈ ਜੀਵਨ ਦੇ "ਵਿਵਹਾਰਕ ਖੇਤਰ ਵਿਚ ਅਗਵਾਈ"। 'ਪੀਰੀ' ਅਤ

---

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥(ਪੰਨਾ ੧੬)

ਸ਼ਰੋਮਣੀ ਕਮੇਟੀ, ਸੁਧਾਰ ਅਤੇ ਸੋਧਕ ਜੁਝਾਰੂਆਂ ਨੂੰ ਇਸ ਵਿਰੁਧ ਮੁਹਿੰਮ ਚਲਾਣੀ ਚਾਹੀਦੀ ਹੈ। ਕੁਰਹਿਤਾਂ ਦੀ ਬੀਮਾਰੀ ਤਾਂ ਹੁਣ ਭਿਆਨਕ ਦਸ਼ਾ ਚਿ ਅਪੜ ਗਈ ਹੈ। ਸਚ ਅਤੇ ਉਚੇ ਆਚਾਰ ਨੂੰ ਅਪਣਾਉਣ ਦੀ ਥਾਂ ਰਿਸ਼ਵਤਾਂ ਬੇਈਮਾਨੀ ਨੂੰ ਹੀ ਚੰਗਾ ਸਮਝਿਆ ਜਾ ਰਿਹਾ ਹੈ। ਬੁਧੀਜੀਵੀ ਪੰਥ-ਸੇਵਕਾਂ ਦੀ ਇਕੱਤਰਤਾ ਕਰਕੇ ਉਪਾਅ ਸੋਚੇ ਕੀਤੇ ਜਾਣੇ ਚਾਹੀਦੇ ਹਨ, ਇਹ ਵਕਤ ਦੀ ਅਤੀ ਲੋੜ ਹੈ। ਕਿਸੇ ਨੇ ਸੱਚੀ ਚੋਭ ਮਾਰੀ ਹੈ ਸਿਖ ਤਾਂ ਸ਼ੇਰ ਹਨ, ਪਰ ਉਨ੍ਹਾਂ ਦੀ ਅਗਵਾਈ ਖੋਤੇ ਕਰ ਰਹੇ ਹਨ।


www.AKJ.Org

'ਮੀਰੀ' ਦੋਹਾਂ ਦਾ ਨਿਸ਼ਾਨਾ ਮਨੁਖ ਦਾ ਹਲ਼ਤ ਪਲਤ ਸਵਾਰਨਾ ਹੀ ਹੈ ।

'ਪੀਰੀ' ਅਤੇ ਮੀਰੀ' ਧਰਮ ਦੀ ਸੱਜੀ ਖੱਬੀ ਬਾਂਹ ਹੈ। ਦੋਵੇਂ ਬਾਹਵਾਂ ਇਕ ਦੂਜੀ ਦੀਆਂ ਪੂਰਨ ਸਹਾਇਕ ਹਨ, ਵਿਰੋਧੀ ਨਹੀਂ ਹਾਂ। ਦੋਹਾਂ ਵਿਚੋਂ 'ਪੀਰੀ' ਦੀ ਮਿਤਮੋਰਤਾ ਜ਼ਰੂਰ ਹੈ ਕਿਉਂਕਿ 'ਪੀਰੀ' ਦੀ ਸੇਧ ਬਗੇਰ 'ਮੀਰੀ' ਕੇਵਲ ਐਸ਼ਪ੍ਰਸਤੀ ਅਥਵਾ 'ਆਪ-ਹੁਦਰੇਪਨ' ਵਲ ਉਲਾਰ ਹੋ ਜਾਂਦੀ ਹੈ।

4) 'ਪੀਰੀ' ਅਤੇ 'ਮੀਰੀ' ਦਾ ਧੁਰਾ 'ਸ੍ਵੈ-ਵਿਗਾਸ' ਹੈ। ਏਥੇ ਹਵਸ-ਪ੍ਰਸਤੀ ਨੂੰ ਕੋਈ ਥਾਂ ਨਹੀਂ। ਇਸ ਲਈ ਕੁਰਬਾਨੀ ਅਤੇ ਤਿਆਗ ਦੋ ਮੁਢਲੀਆਂ ਸ਼ਰਤਾਂ ਹਨ। ਪਹਿਲਾਂ ਕਰੜੀ ਘਾਲਣਾ ਨਾਲ ਆਪਾ ਵਿਗਸਤ ਕਰਨਾ ਅਤੇ ਫਿਰ ਨਿਸ਼ਕਾਮ ਭਾਵਨਾ ਅਧੀਨ ਸਰਬੱਤ ਦੇ ਭਲੇ ਲਈ ਆਪਾ ਨਿਛਾਵਰ ਕਰਨਾ, ਇਹ ਧਰਮ ਦੇ ਦੋ ਪਹਿਲੂ ਹਨ। ਨਿਸ਼ਾਨਾ ਕੇਵਲ ਇਕੋ ਹੈ––'ਧਰਮ ਕਾ ਜੈਕਾਰ'।

5) ਅਜ ਦੇ ਸਿਆਸਤਦਾਨ ਜਾਂ ਸਿਆਸਤ-ਪ੍ਰਭਾਵੀ ਬੁਧੀ-ਜੀਵੀਏ 'ਮੀਰੀ' ਦੀ ਤੁਲਨਾ 'ਸਿਆਸਤ' ਨਾਲ ਕਰਦੇ ਹਨ, ਜੋ ਹਮਾਲੀਆ ਪਰਬਤ ਜਿਡੀ ਵਡੀ ਭੁਲ ਹੈ। ਮੀਰੀ' ਦਾ ਮੂਲ-ਅਧਾਰ ਨਿਸ਼ਕਾਮ ਭਾਵਨਾ ਅਧੀਨ ਸਰਬੱਤ ਦੇ ਭਲੇ ਲਈ ਆਪਾ ਨਿਛਾਵਰ ਕਰਨ ਦਾ ਜਜ਼ਬਾ ਹੈ, ਜਦ ਕਿ ਪ੍ਰਚਲਤ ਸਿਆਸਤ ਦਾ ਮੂਲ-ਅਧਾਰ ਹਰ ਜਾਇਜ਼ ਨਜਾਇਜ਼ ਹਰਬਾ ਵਰਤ ਕੇ ਨਿਜੀ ਸ਼ੋਭਾ-ਸ਼ਕਤੀ ਪ੍ਰਾਪਤ ਕਰਨਾ ਹੈ। ਦੋਵੇਂ ਪਰਸਪਰ ਵਿਰੋਧੀ ਭਾਵਨਾਵਾਂ ਤੇ ਅਧਾਰਤ ਹਨ। 'ਮੀਰੀ' ਦੈਵੀ-ਗੁਣਾਂ ਦੇ ਅਧਾਰ ਤੇ ਉਸਰਦੀ ਹੈ, ਨਾ ਕਿ ਮੰਗਵੀਆਂ ਵੋਟਾਂ ਦੇ ਅਧਾਰ ਤੇ ।

6) ਸਿਖ-ਸਿਧਾਂਤ ਦਾ ਇਕ ਹੋਰ ਰਹੱਸ ਸਮਝ-ਗੋਚਰੇ ਕਰਨ ਜੋਗ ਹੈ। ਦੀਨ-ਦੁਨੀਆ ਦਾ ਪਾਤਸ਼ਾਹ 'ਅਕਾਲ ਪੁਰਖ' ਹੈ ਜਾਂ ਉਸ ਨਾਲ ਅੰਤਰ-ਆਤਮੇ ਅਭੇਦ 'ਸਤਿਗੁਰੂ'। 'ਸਤਿਗੁਰੂ' ਜੀ ਨੇ ਪੂਰਨ-ਜੋਤਿ-ਜਗੰਨੇ 'ਖਾਲਸੇ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਆਪਣਾ ਵਾਰਸ ਥਾਪ ਕੇ ਪਾਤਸ਼ਾਹੀ ਦਾ ਵਾਰਸ ਵੀ ਬਣਾ ਦਿਤਾ। ਏਸੇ ਅਧਾਰ ਤੇ 'ਰਾਜ ਕਰੇਗਾ ਖਾਲਸਾ' ਸਾਡਾ ਕੌਮੀ ਨਾਹਰਾ ਹੋ ਨਿਬੜਿਆ ਹੈ।

ਸ੍ਰੀ ਅਕਾਲ ਜੀ ਦੀ ਸਚੀ ਪਾਤਸ਼ਾਹੀ ਦੇ ਵਿਵਹਾਰਕ ਵ੍ਰਤਤਾਰੇ ਅਥਵਾ 'ਵਾਹਿਗੁਰੂ ਜੀ ਕੀ ਫਤਿਹ' ਲਈ ਸਤਿਗੁਰਾਂ ਵਲੋਂ 'ਸ੍ਰੀ ਅਕਾਲ ਤਖਤ ਸਾਹਿਬ' ਦੀ ਸਥਾਪਨਾ ਕੀਤੀ ਗਈ। ਏਸੇ ਕੜੀ ਵਿਚ ਹੀ ਚਾਰ ਹੋਰ ਤਖਤ ਸਾਹਿਬਾਨ ਦੀ ਸਥਾਪਨਾ ਵੀ ਕੀਤੀ ਗਈ, ਪਰ ਮੂਲ-ਕੇਂਦਰ 'ਸ੍ਰੀ ਅਕਾਲ ਤਖਤ' ਸਾਹਿਬ ਹੈ, ਜਿਥੋਂ ਪੀਰ-ਮੀਰ-ਗੁਰੂ ਦੇ ਪਾਏ ਪੂਰਨਿਆਂ ਉਤੇ ਚਲਦੇ ਹੋਏ ਉਸ ਦੇ ਵਿਵਹਾਰਕ ਵਾਰਸ 'ਗੁਰੂ-ਪੰਥ' ਵਲੋਂ ਸਰਬੱਤ ਖਾਲਸੇ ਦੇ ਰੂਪ ਵਿਚ ਕੌਮ ਦੀ ਚੜ੍ਹਤੀ ਕਲਾ ਅਥਵਾ ਸਰਬੱਤ ਦੇ ਭਲੇ ਲਈ ਸਮੇ ਸਮੇ ਮਹੱਤਵ-ਪੂਰਨ ਫੈਸਲੇ ਕੀਤੇ ਜਾਂਦੇ ਰਹੇ ਹਨ।

'ਧਰਮ ਕਾ ਜੈਕਾਰ' ਅਥਵਾ 'ਵਾਹਿਗੁਰੂ ਜੀ ਕੀ ਫਤਿਹ' ਦੇ ਨਿਰੰਤਰ ਵਰਤਾਰੇ ਲਈ ਹੀ "ਖਾਲਸਾ ਅਕਾਲ ਪੁਰਖ ਕੀ ਫੌਜ" ਨਵ ਪਤ ਕੀਤੀ ਗਈ।

ਏਸੇ ਸੰਦਰਭ ਵਿਚ ਇਹ ਤੱਥ ਸਮਝਣ ਦੀ ਲੋੜ ਹੈ ਕਿ ਏਥੇ ਜਦੋਂ ਜਦੋਂ ਪੰਥਕ ਸ਼ਕਤੀ ਦਾ ਉਭਾਰ ਹੋਇਆ ਤੇ ਰਾਜ ਸਾਜ ਦੀ ਬਿਧ ਬਣੀ, ਤਾਂ "ਸਰਕਾਰ ਖਾਲਸਾ" ਹੀ ਸਥਾਪਤ ਹੋਈ, ਜਿਸ ਵਲੋਂ ਮੁਹਰ ਅਕਾਲ ਦੀ ਅਤੇ ਸਿੱਕਾ ਨਾਨਕ ਸ਼ਾਹੀ ਪ੍ਰਚਲਤ ਕੀਤਾ ਗਿਆ।

## ਸਿਖ-ਸਿਧਾਂਤ ਦਾ ਵਿਵਹਾਰਕ ਪੱਖ–

1) ਪੀਰ-ਮੀਰ ਗੁਰੂ ਨੇ ਆਪਾ ਨਿਛਾਵਰ ਕਰ ਕੇ 'ਵਾਹਿਗੁਰੂ ਜੀ ਕੀ ਫਤਿਹ' ਅਥਵਾ ਸਰਬੱਤ ਦੇ ਭਲੇ ਲਈ ਨਿਰੰਤਰ ਸੰਘਰਸ਼ ਕੀਤਾ, ਅਕਾਲ ਪੁਰਖ ਦੇ ਹੁਕਮ ਅਧੀਨ 'ਖਾਲਸਾ' ਦੀ ਸਾਜਨਾ ਕੀਤੀ ਤੇ ਇਸਨੂੰ ਨਿਰੰਤਰ ਸੰਘਰਸ਼-ਸ਼ੀਲ ਰਖਣ ਲਈ ਖਾਲਸੇ ਨੂੰ "ਵਾਹਿਗੁਰੂ ਜੀ ਕਾ ਖਾਲਸਾ" "ਵਾਹਿਗੁਰੂ ਜੀ ਕੀ ਫਤਿਹ" ਦੀ ਗੁੜ੍ਹਤੀ ਦਿਤੀ। ਪੀਰ-ਮੀਰ-ਗੁਰੂ ਦਾ ਵਿਵਹਾਰਕ ਵਾਰਸ 'ਖਾਲਸਾ' ਜਿੰਨੀ ਦੇਰ ਤਕ ਸਿੱਖੀ ਦੇ ਮੂਲ-ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਕਮਾਨ ਹੇਠ ਧਰਤੀ ਤੇ ਧਰਮ ਵਰਤਾਉਣ ਦੀ ਭਾਵਨਾ ਅਧੀਨ ਤਿਆਗ


www.AKJ.Org

ਅਤੇ ਕੁਰਬਾਨੀ ਦੇ ਜਜ਼ਬੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਵਿਚਰਦਾ ਰਿਹਾ, ਜਿਤ ਅਤੇ ਚੜ੍ਹਦੀ ਕਲਾ ਇਸ ਦੇ ਚਰਨ ਚੁੰਮਦੀ ਰਹੀ। ਸੰਸਾਰ ਨੇ ਵੇਖਿਆ, ਗੁਰੂ ਪਾਤਸ਼ਾਹ ਦੀ ਬਖਸ਼ੀ ਸਚੀ ਪਾਤਸ਼ਾਹੀ ਦੇ ਵਾਰਸ 'ਖਾਲਸੇ' ਨੇ ਨਵਾਬੀਆਂ ਨੂੰ ਠੁੱਡੇ ਮਾਰੇ।

2) ਮਿਸਲਾਂ ਦੇ ਸਮੇਂ ਸਿਖ ਸਰਦਾਰਾਂ ਵਿਚ ਧਾਰਮਕ ਪੱਖੋਂ ਗਿਰਾਵਟ ਕਾਰਨ ਆਪੋ-ਧਾਪੀ ਆਈ। ਉਸ ਸਮੇਂ ਸਿੱਖੀ ਦੇ ਮੂਲ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ-ਸੰਭਾਲ ਕੁਝ ਢਿਲੜ ਹੱਥਾਂ ਵਿਚ ਸੀ, ਜਿਸ ਕਾਰਨ ਇਸ ਆਪੋ-ਧਾਪੀ ਨੂੰ ਸਮਾਪਤ ਕਰਾਉਣ ਵਲੋਂ ਗ਼ਫ਼ਲਤ ਵਰਤੀ ਗਈ। ਪਰ ਮਹਾਰਾਜਾ ਰਣਜੀਤ ਸਿੰਘ ਨੇ ਤਲਵਾਰ ਦੇ ਜ਼ੋਰ ਨਾਲ ਇਸ ਆਪੋ-ਧਾਪੀ ਨੂੰ ਖ਼ਤਮ ਕਰ ਕੇ ਆਪਣਾ ਰਾਜ ਕਾਇਮ ਕੀਤਾ। ਇਸ ਰਾਜ ਨੂੰ 'ਸਰਕਾਰ ਖਾਲਸਾ' ਕਿਹਾ ਗਿਆ ਅਤੇ ਸਿੱਕਾ ਨਾਨਕ ਸ਼ਾਹੀ ਚਲਾਇਆ ਗਿਆ।

3) ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਸਿੱਖੀ ਦੇ ਮੂਲ-ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ-ਸੰਭਾਲ ਮੀਰੀ ਪੀਰੀ ਦੇ ਵਾਰਸ 'ਖਾਲਸਾ ਜੀ' ਦੇ ਹੱਥ ਵਿਚ ਸੀ, ਜਿਸ ਨੂੰ ਪੰਥ ਜਾਨੋਂ ਪਿਆਰਾ ਸੀ। ਤਿਆਗ ਅਤੇ ਕੁਰਬਾਨੀ ਦੇ ਪੁੰਜ ਖਾਲਸਾ ਜੀ ਦੇ ਤੇਜ ਪਰਤਾਪ ਅਤੇ ਦਬਦਬੇ ਦੀ ਧਾਂਕ ਸ਼ਕਤੀਸ਼ਾਲੀ ਮਹਾਰਾਜਾ ਵੀ ਮੰਨਦਾ ਸੀ ਅਤੇ ਉਸ ਨੂੰ ਸ੍ਰੀ ਅਕਾਲ ਤਖਤ ਦੀ ਪ੍ਰਭੂ-ਸਤਾ ਅਗੇ ਝੁਕਣਾ ਹੀ ਪਿਆ।

4) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਫਿਰ ਸਿਖ ਸਰਦਾਰਾਂ ਵਿਚ ਆਪੋ ਧਾਪੀ ਆਈ। ਚੂੰਕਿ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦੇ ਅਕਾਲ ਚਲਾਣੇ ਮਗਰੋਂ ਉਹਨਾਂ ਦਾ ਕੋਈ ਸ਼ਕਤੀਸ਼ਾਲੀ ਉਤਰ-ਅਧਿਕਾਰੀ ਨਾ ਉਭਰ ਸਕਿਆ, ਸਿਖ ਸਰਦਾਰਾਂ ਦੀ ਆਪੋ-ਧਾਪੀ ਸਮਾਪਤ ਕਰਨ ਦਾ ਕੋਈ ਜਤਨ ਨਾ ਹੋਇਆ। ਸਿਟੇ ਵਜੋਂ ਪਰਸਪਰ ਆਪੋ-ਧਾਪੀ ਕਾਰਨ ਸਿਖ ਰਾਜ ਤਬਾਹ ਹੋ ਗਿਆ।

5) (ੳ) ਅੰਗਰੇਜ਼ਾਂ ਦੇ ਰਾਜ-ਕਾਲ ਵਿਚ ਕੌਮ ਵਿਚ ਧਾਰਮਕ ਤੌਰ ਤੇ ਜਾਗ੍ਰਤੀ ਆਈ। ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਨਾਲ ਪੰਥਕ ਜਜ਼ਬਾ ਪ੍ਰਚੰਡ ਹੋਇਆ। ਪੰਥਕ ਸ਼ਕਤੀ ਦਾ ਸਿੱਖੀ ਦੇ ਮੂਲ-ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਉਭਾਰ ਹੋਇਆ। ਤਿਆਗ ਅਤੇ ਕੁਰਬਾਨੀ ਦੀ ਭਾਵਨਾ ਸਦਕਾ ਕੌਮ ਸੰਗਠਤ ਹੋਈ ਤੇ ਇਸ ਦੇ ਨਾਲ ਚੜ੍ਹਦੀ ਕਲਾ ਹੋਈ। ਪੰਥਕ ਜਜ਼ਬੇ ਦੇ ਪ੍ਰਬਲ ਵੇਗ ਮੂਹਰੇ ਸ਼ਕਤੀ-ਸ਼ਾਲੀ ਅੰਗਰੇਜ਼ ਹਕੂਮਤ ਨੂੰ ਵੀ ਕਈ ਵਾਰੀ ਗੋਡੇ ਟੇਕਣੇ ਪਏ।

(ਅ) ਕੌਮੀ ਸੰਗਠਨ ਸਦਕਾ ਧਰਮ-ਅਸਥਾਨਾਂ ਦਾ ਪ੍ਰਬੰਧ ਪੰਥ ਨੂੰ ਮਿਲ ਗਿਆ ਅਤੇ ਸਿਖ ਗੁਰਦਵਾਰਾ ਐਕਟ 1925 ਹੋਂਦ ਵਿਚ ਆਇਆ। ਇਹ ਐਕਟ ਇਕ ਪਾਸੇ ਰਹਿਮਤ ਅਤੇ ਦੂਜੇ ਪਾਸੇ ਜ਼ਹਿਮਤ ਸਾਬਤ ਹੋਇਆ। ਇਸ ਐਕਟ ਦੀ ਆੜ ਵਿਚ ਸਮੇਂ ਦੀ ਸਰਕਾਰ ਨੂੰ ਗੁਰਦਵਾਰਾ ਪ੍ਰਬੰਧ ਅਥਵਾ ਸਿਖਾਂ ਦੇ ਕੌਮੀ ਮਸਲਿਆਂ ਵਿਚ ਅਸਿਧੇ ਤੌਰ ਤੇ ਦਖ਼ਲ ਦੇਣ ਦਾ ਮੌਕਾ ਮਿਲ ਗਿਆ, ਜਿਸ ਦਾ ਲਾਭ ਪਹਿਲਾਂ ਅੰਗਰੇਜ਼ ਸਰਕਾਰ ਨੇ ਅਤੇ ਫਿਰ ਭਾਰਤ ਦੀ ਕਾਂਗ੍ਰਸ ਸਰਕਾਰ ਨੇ ਰੱਜ ਕੇ ਉਠਾਇਆ ਅਤੇ ਸਿਖ ਕੌਮ ਨੂੰ ਕਿਸੇ ਨਾ ਕਿਸੇ ਰੂਪ ਵਿਚ ਧੜੇ-ਬੰਦੀ ਦਾ ਸ਼ਿਕਾਰ ਬਣਾਈ ਰਖਿਆ।

6) ਅਜ਼ਾਦ ਭਾਰਤ ਦੀ ਚੋਣ-ਪ੍ਰਣਾਲੀ ਨੇ ਧੜੇ-ਬੰਦੀ ਨੂੰ ਵਧੇਰੇ ਪ੍ਰਚੰਡ ਕੀਤਾ। ਵਿਧਾਨ-ਸਭਾ ਅਤੇ ਲੋਕ-ਸਭਾ ਦੀਆਂ ਮੈਂਬਰੀਆਂ ਅਤੇ ਵਜ਼ੀਰੀਆਂ ਦੀ ਭੁਖ ਸਿਖ ਸਿਆਸਤਦਾਨਾਂ ਨੂੰ, ਸ਼ੁਦਾਅ ਹੋ ਕੇ ਚਿੰਬੜ ਗਈ। ਸਿਖ ਸਿਆਸਤਦਾਨ ਪੀਰੀ ਮੀਰੀ ਦੀ ਭਾਵਨਾ ਤੋਂ ਬਿਲਕੁਲ ਸਖਣੇ ਹੋ ਕੇ ਕੁਟਲ ਸਿਆਸਤ ਦੇ ਸ਼ਿਕਾਰ ਹੋ ਗਏ। ਪੰਜਾਬ ਵਿਚ ਕਈ ਵਾਰੀ ਅਕਾਲੀ ਸਰਕਾਰ ਬਣੀ, ਪਰ ਸਿਖ ਸਿਆਸਤਦਾਨਾਂ ਦੀ ਆਪੋ-ਧਾਪੀ ਕਾਰਨ ਹਰ ਵਾਰੀ ਸਮਾ ਪੂਰਾ ਹੋਣ ਤੋਂ ਪਹਿਲਾ ਹੀ ਡਿਗ ਜਾਂਦੀ ਰਹੀ। ਕੁਟਲ ਸਿਆਸੀ ਚਾਲਾਂ ਚੂੰਕਿ ਧਰਮ ਦੇ ਬੁਰਕੇ ਥਲੇ ਲੰਮਾ ਸਮਾ ਖੇਡੀਆਂ ਜਾਂਦੀਆਂ ਰਹੀਆਂ, ਇਸ ਦੇ ਫਲ-ਸਰੂਪ ਸ਼੍ਰੋਮਣੀ ਅਕਾਲੀ ਦਲ ਪਾਟੋ-ਲੀਰ ਹੋ ਕੇ ਸਤ੍ਹਾ-ਹੀਣ ਹੋ ਗਿਆ। ਦੂਜੇ ਪਾਸੇ ਕੁਟਲ ਸਿਆਸਤ ਦੀ ਭਾਈਵਾਲੀ ਕਾਰਨ ਧਰਮ ਦੀ ਵੀ ਰਜ ਕੇ ਹਾਨੀ ਹੋਈ।



www.AKJ.Org

7) ਕੁਰਸੀ ਦੇ ਨਸ਼ੇ ਵਿਚ ਮਸਤ ਇਹਨਾਂ ਅਖੌਤੀ ਪੰਥਕ, ਪਰ ਵਿਡੌਂ ਕੁਟਲ ਸਿਖ ਸਿਆਸਤਦਾਨਾਂ ਦੀ ਪੁਛ-ਪਕੜ ਜਦੋਂ ਜਦੋਂ ਮੂਲ-ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੋਈ, ਇਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਦਖ਼ਲ-ਅੰਦਾਜ਼ੀ ਨੂੰ ਅਯੋਗ ਦਸਦਿਆਂ ਕਈ ਵਾਰ ਖੁਲ੍ਹ-ਮ-ਖੁਲ੍ਹਾ ਬਗ਼ਾਵਤ ਕੀਤੀ, ਭਾਵੇਂ ਮਗਰੋਂ ਜਾ ਕੇ ਏਥੋਂ ਹੀ ਸਜ਼ਾ ਭੁਗਤ ਕੇ ਮੂੰਹ ਦੀ ਖਾਣੀ ਪਈ।

8) ਸਿੱਖੀ ਦੇ ਮੂਲ-ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਦੀ ਬਿਲਡਿੰਗ ਨੂੰ ਭਾਵੇਂ ਸਰਕਾਰ ਨੇ ਢਾਹਿਆ, ਪਰ ਇਸ ਸ਼੍ਰੋਮਣੀ ਸੰਸਥਾ ਦੀ ਮਾਨ ਮਰਯਾਦਾ ਅਤ ਸ਼ੋਭਾ-ਸ਼ਕਤੀ ਨੂੰ ਢਾਹ ਸਿਖ ਸਿਆਸਤਦਾਨਾਂ ਨੇ ਹੀ ਲਾਈ। ਅਜ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੇ ਤਿੰਨ ਦਾਅਵੇਦਾਰ ਹੋਣੇ ਕੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਨਹੀਂ ਕਿ ਇਸ ਸ਼੍ਰੋਮਣੀ ਸੰਸਥਾ ਨੂੰ ਵਾਦ-ਵਿਵਾਦ ਦਾ ਵਿਸ਼ਾ ਬਨਾਉਣ ਦੀ ਸਰਕਾਰੀ ਸਾਜ਼ਸ਼ ਸਫਲ ਹੋ ਗਈ ਹੈ ? ਕਮਾਲ ਦੀ ਗੱਲ ਹੈ ਕਿ ਇਸ ਸਾਜ਼ਸ਼ ਲਈ ਸਿਆਸਤਦਾਨਾਂ ਨੂੰ ਹੀ ਮੁਹਰੇ ਬਣਾ ਕੇ ਵਰਤਿਆ ਗਿਆ ਹੈ।

9) ਸਿਖ ਸਿਆਸੀ ਲੀਡਰਸ਼ਿਪ ਅਜ ਬੁਰੀ ਤਰ੍ਹਾਂ ਪਾਟੋ-ਲੀਰ ਹੋਈ ਪਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਇਕ ਦਰਜਨ ਦੇ ਕਰੀਬ ਵਖਰੇ ਵਖਰੇ ਦਲ ਕਾਇਮ ਹੋਏ ਪਏ ਹਨ। ਸਿਖ ਸਟੂਡੈਂਟ ਫੈਡਰਸ਼ਨ ਨੂੰ ਵੀ ਸਿਆਸਤ ਦਾ ਝੱਜ ਕੁਦਿਆ ਹੈ। ਉਸ ਦੀਆਂ ਕਈ ਸ਼ਾਖਾਂ ਹਨ ਅਤੇ ਹਰੇਕ ਸ਼ਾਖ ਕਈ ਧੜਿਆਂ ਵਿਚ ਪਾਟੀ ਪਈ ਹੈ। ਇਸ ਦੇ ਨਾਲ ਦਰਜਨ ਤੋਂ ਵਧ ਖਾੜਕੂ ਜਥੇਬੰਦੀਆਂ ਵੀ ਸਿਆਸੀ ਖੇਤਰ ਵਿਚ ਤਤਪਰ ਹਨ। ਹਰੇਕ ਸਿਆਸੀ ਜਥੇਬੰਦੀ ਆਪਣੇ ਆਪ ਨੂੰ 'ਪੰਥਕ' ਤੇ ਦੂਜੀਆਂ ਨੂੰ 'ਗ਼ਦਾਰ' ਆਖ ਕੇ ਭੰਡ ਰਹੀ ਹੈ। ਪਤਾ ਨਹੀਂ ਪੰਥਕ ਹੋਣ ਦੀ ਸਨਦ ਇਹਨਾਂ ਕਿਥੋਂ ਤੇ ਕਿਵੇਂ ਪ੍ਰਾਪਤ ਕੀਤੀ ਹੋਈ ਹੈ ?

10) ਸਿਖ ਸਿਆਸੀ ਜਥੇਬੰਦੀਆਂ ਨੇ ਨਿਸ਼ਾਨੇ ਵੀ ਫਰਕੋ ਫਰਕੀ ਮਿਥੇ ਹੋਏ ਹਨ, ਅਨੰਦਪੁਰ ਸਾਹਿਬ ਦਾ ਮਤਾ—ਪੂਰਨ ਆਜ਼ਾਦੀ—ਖ਼ੁਦਮੁਖ਼ਤਿਆਰੀ—ਸ੍ਵੈ ਨਿਰਣੇ ਦਾ ਅਧਿਕਾਰ—ਖਾਲਿਸਤਾਨ ਆਦਿ।

ਸਵਾਲ ਇਹ ਹੈ ਕਿ ਵਖ ਵਖ ਸਿਆਸੀ ਜਥੇਬੰਦੀਆਂ ਨੂੰ ਵਖਰੇ ਵਖਰੇ ਕੌਮੀ ਨਿਸ਼ਾਨੇ ਮਿਥਣ ਦਾ ਅਧਿਕਾਰ ਕਿਥੋਂ ਮਿਲਿਆ ਹੈ ? ਸਾਰਾ ਸੰਸਾਰ ਜਾਣਦਾ ਹੈ ਕਿ ਸਿੱਖਾਂ ਦਾ ਕੌਮੀ ਨਿਸ਼ਾਨਾ ਇਹਨਾਂ ਦੇ ਪੁਰਖਿਆਂ ਨੇ ਸਦੀਆਂ ਤੋਂ ਪਹਿਲਾਂ ਮਿਥਿਆ ਹੋਇਆ ਹੈ ਅਤੇ ਹਰੇਕ ਸਿਖ ਨਿਤਾਪ੍ਰਤਿ ਅਰਦਾਸ ਮਗਰੋਂ 'ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ' ਵਾਲਾ ਦੋਹਰਾ ਪੜ੍ਹ ਕੇ ਇਸ ਨਿਸ਼ਾਨੇ ਦੀ ਪੂਰਤੀ ਲਈ ਨਿਤ ਪ੍ਰਤੱਗਿਆ ਕਰਦਾ ਹੈ। ਜੋ ਜਥੇਬੰਦੀਆਂ ਪੰਥ ਦੀ ਆਨ ਸ਼ਾਨ ਲਈ ਇਸ ਨਿਸ਼ਾਨੇ ਦੀ ਪੂਰਤੀ ਲਈ ਨਿਰੰਤਰ ਸੰਘਰਸ਼ ਕਰ ਰਹੀਆਂ ਹਨ ਉਹ ਤਾਂ ਪੰਥਕ ਅਖਵਾਉਣ ਦੀਆਂ ਹਕਦਾਰ ਹੋਈਆਂ, ਦੂਜੀਆਂ ਭਲਾ ਕਿਉਂ ਐਵੇਂ ਬੇਥਵ੍ਹੀਆਂ ਮਾਰੀ ਜਾ ਰਹੀਆਂ ਹਨ ?

ਪਰ ਇਸ ਤਲਖ਼ ਸਚਾਈ ਨੂੰ ਮੰਨਣੋਂ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਹੈ ਕਿ ਅਜੇ ਤਕ ਅਸੀਂ ਆਪਣੇ ਕੌਮੀ ਨਿਸ਼ਾਨੇ ਦੇ ਹਾਣੀ ਹੋ ਕੇ ਨਹੀਂ ਨਿਤਰੇ। ਸਾਡੀਆਂ ਪਿਛਲੇ ਕਈ ਸਾਲਾਂ ਤੋਂ ਕੀਤੀਆਂ ਜਾ ਰਹੀਆਂ, ਗਤੀ-ਵਿਧੀਆਂ ਸੰਸਾਰ ਦੇ ਲੋਕਾਂ ਦੇ ਮਨ ਵਿਚ 'ਰਾਜ-ਖਾਲਸਾ' ਦੇ ਆਸ਼ੇ-ਉਦੇਸ਼ ਸੰਬੰਧੀ ਕਈ ਤੌਖਲੇ ਖੜੇ ਕਰ ਰਹੀਆਂ ਹਨ। ਨਿਸਚੇ ਹੀ ਅਸੀਂ 'ਰਾਜ-ਖਾਲਸਾ' ਦੇ ਸਰਬੱਤ ਦੇ ਭਲੇ ਵਾਲਾ ਅਤੇ ਧਰਮ ਦੇ ਜੈਕਾਰ ਵਾਲਾ ਪੱਖ ਮਨ, ਬਚਨ, ਕਰਮ ਕਰਕੇ ਸੰਸਾਰ ਨੂੰ ਪੇਸ਼ ਕਰਨ ਵਿਚ ਅਸਮਰੱਥ ਰਹੇ ਹਾਂ। ਕਿਡੀ ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਸਿਆਸੀ ਜਥੇਬੰਦੀਆਂ ਦੀ ਕੌਮੀ ਨਿਸ਼ਾਨੇ ਸੰਬੰਧੀ ਸੰਮਤੀ ਵੀ ਹੈ, ਉਹਨਾਂ ਦੀ ਵੀ ਆਪਸ ਵਿਚ ਏਕਤਾ ਅਤੇ ਇਕ-ਸੁਰਤਾ ਨਹੀਂ। ਕਾਰਨ ? ਚੌਧਰ ਦੀ ਭੁਖ ਅਥਵਾ ਹਵਸ-ਪ੍ਰਸਤੀ ? ਫਿਰ ਸੰਸਾਰ ਨੂੰ ਇਹ ਯਕੀਨ ਕਿਵੇਂ ਬਝੇ ਕਿ 'ਰਾਜ-ਖਾਲਸਾ' ਸਰਬੱਤ ਦੇ ਭਲੇ ਦਾ ਜ਼ਾਮਨ ਹੈ ?

11) ਸਿਖ ਸਿਆਸਤਦਾਨਾਂ ਦੀ ਆਪੋ-ਧਾਪੀ ਦਾ ਕਾਰਨ ਧਰਮ ਦੇ ਕੁੰਡੇ ਦੀ ਅਣਹੋਂਦ ਹੈ। ਧਰਮ ਦੇ ਕੁੰਡੇ ਦੀ ਵਰਤੋਂ ਕਰਨ ਵਾਲੀ ਸ਼੍ਰੋਮਣੀ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ੋਭਾ-ਸ਼ਕਤੀ ਬਹਾਲ ਕੀਤੇ ਜਾਣ ❋



www.AKJ.Org

# ਅੱਠਵੇਂ ਗੁਰੂ ਦੀ ਅਮਿਅ ਦ੍ਰਿਸ਼ਟੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 914–ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ–19]

ਸਤਿਗੁਰ ਨਾਨਕ ਦੇਵ ਸਾਹਿਬ ਦੀ ਜੋਤਿ-ਸਰੂਪੀ ਫੁਲਵਾੜੀ ਰੰਗ-ਬਰੰਗੇ ਪੁਸ਼ਪਾਂ ਨਾਲ ਸੁਸ਼ੋਭਤ, ਦੂਸ਼ਤ ਫ਼ਿਜ਼ਾ ਨੂੰ ਮੁਅੱਤਰ ਕਰਨ ਤੇ ਬੰਜਰ ਹਿਰਦਿਆਂ ਵਿਚ ਸੁਗੰਧਿਤ ਮਹਿਕ ਭਰਨ ਦਾ ਪਰਉਪਕਾਰੀ ਕਾਰਜ ਕਰਦੀ ਆਈ ਹੈ। ਧੁਰੋਂ ਫੁਰਮਾਏ, ਅਕਾਲ ਵਰੋਸਾਏ ਸ੍ਰੋਮਣੀ ਮਾਲੀ, ਰੱਬੀ ਨੂਰ ਨੇ ਵੱਖ-ਵੱਖ ਸਰੀਰਾਂ ਵਿਚ ਪਰਵੇਸ਼ ਕਰ ਕੇ ਵੀ ਇਕੋ ਦੇਵੀ ਜੋਤਿ ਦੇ ਪ੍ਰਕਾਸ਼ ਦੁਆਰਾ, ਏਕ-ਅਨੇਕਤਾ ਦਾ ਸੰਜੋਗ ਪ੍ਰਗਟ ਰੂਪ ਵਿਚ ਦ੍ਰਿਸ਼ਟਮਾਨ ਕੀਤਾ। ਇਸ ਦੇ ਬਾਵਜੂਦ ਅਗਿਆਨੀਆਂ ਤੇ ਖਸਮਹੁ ਘੁੱਥੇ ਅੰਨ੍ਹਿਆਂ ਦੀ ਦ੍ਰਿਸ਼ਟੀ "ਏਕ ਜੋਤਿ ਦੁਇ ਮੂਰਤੀ" (੭੯੮) ਦੇ ਗੂਹਜ ਭਾਵ ਨੂੰ ਪਹਿਚਾਨ ਨ ਸਕੀ। ਜਾਮਾ ਬਦਲਣ ਸਮੇਂ ਜਾਂ ਗੁਰਿਆਈ ਦੀ ਪਾਵਨ ਰਸਮ ਨਿਭਾਉਣ ਸਮੇਂ ਗੁਰ ਚੇਲੇ ਦੀ ਇੱਕ-ਰੂਪਤਾ ਦੇ ਆਧਾਰ ਤੇਂ ਅਜਰ ਜਰਨ ਵਾਲੀ ਮੁੱਖ ਯੋਗਤਾ ਨੂੰ ਧਿਆਨ ਵਿਚ ਰੱਖਿਆ ਜਾਪਦਾ ਹੈ। ਇਹੋ ਕਾਰਨ ਹੈ ਕਿ ਸੰਸਾਰਕ ਰਿਸ਼ਤਿਆਂ, ਉਮਰ ਵਿਚ ਵੱਡੇ ਛੋਟੇ, ਆਪਣੇ ਬੇਗ਼ਾਨੇ, ਜ਼ਾਤਗੋਤ ਦੇ ਪੱਖ ਨੂੰ ਬਿਲਕੁਲ ਨਜ਼ਰ-ਅੰਦਾਜ਼ ਕੀਤਾ ਗਿਆ।

ਜੇ ਗਹੁ ਨਾਲ ਗੱਦੀ-ਨਸ਼ੀਨੀ ਦੀ ਰਵਾਇਤ ਜਾਂ ਪ੍ਰੰਪਰਾ ਵਲ ਝਾਤ ਮਾਰੀਏ ਤਾਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਦਾਤਾਰ ਪਿਤਾ ਕਿਤੇ ਪੁੱਤਰਾਂ ਨੂੰ ਛੱਡ ਕੇ ਸੇਵਕ ਤੇ ਤਰੁੱਠਦੇ ਹਨ, ਕਦੇ ਦਾਮਾਦ ਤੇ, ਕਦੇ ਕੁੜਮਾਂ ਨੂੰ ਗੱਦੀ ਮਿਲਦੀ ਹੈ, ਕਦੇ ਵੱਡੇ ਪੁੱਤਰ ਦੀ ਥਾਂ ਛੋਟੇ ਪੁੱਤਰ ਨੂੰ, ਕਦੇ ਬਾਬਾ ਪੋਤੇ ਤੇ ਰੀਝਦਾ ਹੈ ਤੇ ਕਦੇ ਪੋਤਾ ਬਾਬੇ ਤੇ। ਲੋਭ-ਅਭਿਮਾਨ ਗ੍ਰਸੀ ਬੁੱਧੀ ਕਿਵੇਂ ਸਮਝਦੀ ਕਿ ਅਧਿਆਤਮਕ ਖੇਤਰ ਵਿਚ ਉਮਰ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ,ਬਲਕਿ ਸਰੀਰ ਵਿਚ ਵਿਚਰਦੀ ਪਰਮ ਜੋਤਿ ਨੂੰ। ਸਿਦਕ ਤੇ ਭਰੋਸੇ ਵਾਲਿਆਂ ਨੂੰ ਪੂਰਨ ਸੰਤੁਸ਼ਟੀ ਹੈ ਕਿ ਜਿਵੇਂ ਚੁਰਾਸੀ ਸਾਲ ਦੇ ਬਜ਼ੁਰਗ ਜੱਗ-ਨਿਸਤਾਰੇ ਦਾ ਕਰਤੱਵ ਆਰੰਭ ਕਰਦੇ ਹਨ,ਉਵੇਂ ਹੀ ਪੰਜ ਜਾਂ ਨੌਂ ਸਾਲ ਦੇ ਬਾਲਕ।

ਪਰਮ ਜੋਤਿ ਅਕਾਲ ਪੁਰਖ ਦਾ ਕੇਵਲ ਇਕ ਰੰਗ ਹੈ, ਉਹ ਹੈ ਅਨੁਭਵ ਪ੍ਰਕਾਸ਼ ਨਾਮ-ਰੰਗ। ਜਦ ਉਸਦੀ ਸੱਤਾ ਦਾ ਪ੍ਰਗਟਾਵਾ ਅਦ੍ਰਿਸ਼ਟ ਤੋਂ ਦ੍ਰਿਸ਼ਟਿ ਵਿਚ ਜਾਂ ਏਕਤਾ ਤੋਂ ਭਿੰਨਤਾ ਵਿਚ ਜ਼ਹੂਰ ਹੁੰਦਾ ਹੈ ਤਾਂ ਉਹ ਇਕ ਸੂਰਜ ਤੋਂ ਉਪਜੀ ਸਤ-ਰੰਗੀ ਪੀਂਘ ਦੇ ਅਲੱਗ ਅਲੱਗ ਜਾਪਦੇ ਰੰਗਾਂ ਵਾਂਗਰ ਵਿਚਰਦਾ ਪ੍ਰਤੀਤ ਹੁੰਦਾ ਹੈ। ਇਹ ਹੈ ਸੰਪੂਰਕ ਗੁਣ ਅਕਾਲ ਪੁਰਖ ਦਾ, ਜਿਸ ਬਾਰੇ ਦਸਮੇਸ਼ ਪਿਤਾ ਦਾ ਫੁਰਮਾਨ ਹੈ :–

ਅਨੇਕ ਹੈਂ ॥ ਫਿਰਿ ਏਕ ਹੈਂ ॥ ੪੩ ॥ (ਜਾਪੁ ਸਾਹਿਬ)

---

* ਵਿਚ ਹੀ ਸਿਖ ਸਮੱਸਿਆ ਨੂੰ ਹਲ ਕਰਨ ਦਾ ਭੇਤ ਲੁਕਿਆ ਹੋਇਆ ਹੈ। ਇਹ ਜਿੰਨੀ ਛੇਤੀ ਬਹਾਲ ਕੀਤੀ ਜਾਵੇ ਓਨਾ ਚੰਗਾ ਹੈ। ਪਰ ਇਹ ਬਹਾਲ ਕਿਵੇਂ ਹੋਵੇ ?

12) ਇਸ ਸੰਬੰਧੀ ਇਕ ਸੁਝਾਅ ਹੈ ਕਿ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਪੰਥ ਦੀਆਂ ਸਮੁੱਚੀਆਂ ਧਾਰਮਕ ਜਥੇਬੰਦੀਆਂ ਦੀ ਪ੍ਰਤੀਨਿਧ ਇਕਤੱਰਤਾ ਤੁਰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੁਲਾਈ ਜਾਵੇ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ੋਭਾ ਸ਼ਕਤੀ ਨੂੰ ਬਹਾਲ ਕਰਨ ਸੰਬੰਧੀ ਸਰਬ-ਸੰਮਤੀ ਨਾਲ ਕੋਈ ਨਿਰਣਾ ਲਿਆ ਜਾਵੇ। ਜਿੰਨੀ ਦੇਰ ਤਕ ਕਿਸੇ ਨਿਰਣੇ ਤੇ ਸਰਬ-ਸੰਮਤੀ ਨਹੀਂ ਹੋ ਜਾਂਦੀ ਓਨੀ ਦੇਰ ਤਕ ਧਾਰਮਿਕ ਜਥੇਬੰਦੀਆਂ ਦੇ ਸਾਰੇ ਪ੍ਰਤੀਨਿਧ ਸ੍ਰੀ ਅਕਾਲ ਤਖਤ ਸਾਹਿਬ ਤੇ ਜਪ ਤਪ ਜਾਰੀ ਰਖਣ ਅਤੇ ਸਮੁੱਚੇ ਪੰਥ ਨੂੰ ਵੀ ਜਪ ਤਪ ਕਰਨ ਦੀ ਅਪੀਲ ਕੀਤੀ ਜਾਵੇ। ਸਤਿਗੁਰੂ ਅਵੱਸ਼ ਮਿਹਰ ਕਰਨਗੇ।

ਨੋਟ:––ਮੈਂ ਕਈ ਨਿਕਟਵਰਤੀ ਸਜਣਾਂ ਨਾਲ ਉਪ੍ਰੋਕਤ ਸੁਝਾਅ ਬਾਰੇ ਵਿਚਾਰ ਕੀਤਾ ਹੈ। ਕਈਆਂ ਨੇ ਸਲਾਹਿਆ ਹੈ, ਪਰ ਕਈਆਂ ਨੇ ਹੱਸ ਛਡਿਆ ਹੈ। ਅਖੇ, ਨਾ ਨੌਂ ਮਣ ਤੇਲ ਹੋਵੇ ਤੇ ਨਾ ਰਾਧਾ ਨਚੇ। ਮੇਰਾ ਦ੍ਰਿੜ੍ਹ ਨਿਸਚਾ ਹੈ ਕਿ ਜੇ ਰਾਧਾ ਨੂੰ ਨਚਾਉਣਾ ਹੈ ਤਾਂ ਨੌਂ ਮਣ ਤੇਲ ਦਾ ਪ੍ਰਬੰਧ ਕਰਨਾ ਹੀ ਪੈਣਾ ਹੈ। ਜੇ ਗੁਰੂ ਤੇ ਟੇਕ ਰਖਕੇ ਨੇਕ ਨੀਯਤੀ ਨਾਲ ਇਹ ਕਾਰਜ ਅਰੰਭ ਕਰ ਦਿਤਾ ਜਾਵੇ ਤਾਂ ਖਾਲਸੇ ਲਈ ਕੁਝ ਵੀ ਅਸੰਭਵ ਨਹੀਂ।



www.AKJ.Org

ਗੁਰੂ ਨਾਨਕ ਦੇਵ ਜੀ ਦੀ ਜੋਤਿ-ਸਰੂਪੀ ਮਾਲਾ ਦਾ ਅੱਠਵਾਂ ਮਣਕਾ ਆਕਾਰ ਵਿਚ ਭਾਵੇਂ ਛੋਟਾ ਹੈ, ਪਰ ਗੁਣਾਂ ਕਰਕੇ, ਬਾਕੀ ਮਣਕਿਆਂ ਵਾਂਗਰ ਬੇਨਜ਼ੀਰ ਚਮਕ ਦਮਕ ਵਾਲਾ ਹੀਰਾ ਹੈ ਅਤੇ ਪ੍ਰਮਾਰਥਕ ਖੋਜੀਆਂ ਦੇ ਸੁਖਾਵੇਂ ਪੰਧ ਲਈ ਸੰਘਣੀ ਛਾਂ ਵਾਲਾ ਬ੍ਰਿਛ ਹੈ। ਭਾਈ ਨੰਦ ਲਾਲ ਦੀ ਪਾਰਖੂ ਅੱਖ ਲਈ ਬਾਲਾ ਪ੍ਰੀਤਮ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਬਜ਼ੁਰਗੀ ਤੇ ਮਿਹਰਾਮਤਿ ਦੇ ਭੰਡਾਰ ਹਨ ਤੇ ਉਨ੍ਹਾਂ ਦਾ ਸਾਰਾ ਵਜੂਦ ਇਲਾਹੀ ਬਖ਼ਸ਼ਸ਼ਾਂ ਤੇ ਰਹਿਮਤਾਂ ਵਾਲਾ ਹੈ। ਅਕਾਲ ਪੁਰਖ ਨੇ ਆਪਣੇ ਸਾਰੇ ਖ਼ਾਸ ਪਿਆਰਿਆਂ ਤੋਂ ਵਧ ਉਨ੍ਹਾਂ ਨੂੰ ਸਲਾਹਿਆ ਹੈ—

ਗੁਰੂ ਹਰਿ ਕ੍ਰਿਸਨ ਆਂ ਹਮਾ ਫ਼ਜ਼ਲੋ ਜੂਦ ॥
ਹਕਸ਼ ਅਜ਼ ਹਮਾਂ ਖ਼ਾਸਗਾਂ ਬਰ ਸਤੂਦ ॥੧॥ (ਗੰਜਨਾਮਾ ਸਲਤਨਤਿ ਨਹਮ)

ਕੇਵਲ ਪੰਜ ਸਾਲ ਦੀ ਆਯੂ ਤੋਂ ਹੀ ਜਦ ਹਜ਼ੂਰ ਨੇ ਗੁਰਿਆਈ ਦੀਆਂ ਮਹਾਨ ਜ਼ਿੰਮੇਵਾਰੀਆਂ ਦਾ ਭਾਰ ਉਠਾਉਣਾ ਸ਼ੁਰੂ ਕੀਤਾ ਤਾਂ ਆਪਣੇ ਅਧਿਆਤਮਕ ਬਲ ਤੇ ਰਹਿਨਮਾਈ ਦੁਆਰਾ ਦੀਨਾਂ, ਅਨਾਥਾਂ, ਨਿਥਾਵਿਆਂ, ਤੇ ਦਰ-ਢੱਠਿਆਂ ਨੂੰ ਗਲ ਲਾਉਣ ਵਿਚ ਢਿੱਲ ਨਹੀਂ ਆਉਣ ਦਿੱਤੀ। ਹਰੇਕ ਕਿਸਮ ਦੇ ਸ਼ੰਕਿਆਂ ਦਾ ਨਿਵਾਰਨਾ, ਜ਼ਾਤ ਪਾਤ ਦਾ ਕੋਹੜ ਹਟਾਉਣਾ, ਸਮਾਜਕ ਕੁਰੀਤੀਆਂ ਤੇ ਔਗਣਾਂ ਦਾ ਸੁਧਾਰ ਕਰਨਾ, ਜੂਆ, ਮਦ, ਤਮਾਕੂ ਜੈਸੇ ਐਬਾਂ ਤੋਂ ਬਿਵਰਜਿਤ ਕਰਨਾ, ਗੁਰਮਤਿ ਦਾ ਪਰਚਾਰ ਕਰਨਾ, ਨਾਮ ਬਖਸ਼ਣਾ,ਦ੍ਰਿੜ ਕਰਾਉਣਾ ਆਦਿਕ ਕਰਨੀਆਂ ਦੀ ਬਦੌਲਤ ਗੁਰਸਿੱਖਾਂ ਦੇ ਦਿਲਾਂ ਵਿਚ ਵਿਸ਼ਵਾਸ, ਭਰੋਸਾ, ਨਿਸ਼ਕਾਮ ਸੇਵਾ ਤੇ ਸਿਦਕ ਦੇ ਜਜ਼ਬੇ ਘਰ ਕਰ ਗਏ।

ਨਿਰਸੰਦੇਹ ਔੜ-ਗ੍ਰਸੀ ਧਰਤੀ ਲਈ ਹਜ਼ੂਰ ਨੇ ਅਬਰਿ-ਰਹਿਮਤ ਬਣ ਕੇ ਨਾਮ-ਜਲ ਦੇ ਛੱਟਿਆਂ ਦੀ ਵਰਖਾ ਕੀਤੀ, ਪਰ ਦੋ ਸਿਰ-ਕੱਢਵੇਂ ਪਰਉਪਕਾਰੀ ਕਰਮਾਂ ਨੇ ਗੁਰ ਨਾਨਕ ਘਰ ਦੀ ਮਹਿਮਾ ਤੇ ਵਡਿਆਈ ਨੂੰ ਹੋਰ ਚਮਕਾਇਆ। ਇਹ ਹਨ : ਬੁੱਧੀ ਪਰਿਵਰਤਨ ਤੇ ਰੋਗੀਆਂ ਦੇ ਰੋਗ ਖੰਡਣੇ, ਜਿਨ੍ਹਾਂ ਦੀ ਝਲਕ ਹੇਠ ਲਿਖੇ ਗੁਰਵਾਕ ਤੋਂ ਪ੍ਰਤੱਖ ਦਿਖਾਈ ਦਿੰਦੀ ਹੈ।

ਜਾ ਕੈ ਸਿਮਰਨਿ ਮੂਰਖ ਚਤੁਰ ॥ ਜਾ ਕੈ ਸਿਮਰਨਿ ਕੁਲਹ ਉਧਰ ॥੧॥
ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥
ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀ ਸੰਤਾਪ ॥੧॥੨॥
(ਮਾਲੀ ਗਉੜਾ ਮ: ੫, ਪੰਨਾ ੯੮੬)

ਰਾਮ ਨਾਮ ਦੀ ਵਡਿਆਈ ਤੇ ਅੱਠਵੀਂ ਜੋਤਿ ਦੀ ਉਸਤਤਿ ਦੀ ਅਭੇਦਤਾ ਬਾਰੇ ਭਾਈ ਨੰਦ ਲਾਲ ਜੀ ਦਾ ਬਚਨ ਹੈ :—ਮਿਆਨਿ ਹੱਕ ਵ ਓ ਫ਼ਸਾਲ-ਉਲ-ਵਰੱਕ ॥

ਵਜੂਦਸ਼ ਹਮਾ ਫ਼ਜ਼ਲੋ ਅਫ਼ਜ਼ਾਲਿ ਹੱਕ ॥੨॥ (ਗੰਜਨਾਮਾ, ਸਲਤਨਤਿ ਨਹਮ)

ਅਰਥਾਤ, ਸੱਚੇ ਪਰਵਦਗਾਰ ਅਤੇ ਉਨ੍ਹਾਂ ਵਿਚ ਕੇਵਲ ਵਰਕ ਦਾ ਫ਼ਰਕ ਹੈ। ਹਕੀਕਤ ਵਿਚ ਫ਼ਰਕ ਏਨਾ ਵੀ ਨਹੀਂ ਹੈ, ਇਹ ਤਾਂ ਨਿਰਗੁਨ ਤੇ ਸਰਗੁਨ ਸਰੂਪ ਦੀ ਤੁੱਲਨਾ ਕਰਕੇ ਦਿਖਾਈ ਦਿੰਦਾ ਹੈ।

ਵਿੱਦਵਤਾ ਦੇ ਆਯੂ ਦਾ ਮਾਣ ਬਹੁਤ ਪ੍ਰਬਲ ਹੁੰਦਾ ਹੈ। ਪੰਡਤ ਲਾਲ ਚੰਦ ਇਸ ਦੀਰਘ ਰੋਗ ਤੋਂ ਬਚ ਨਹੀਂ ਸਕਿਆ। ਉਸ ਦੀ ਹਉਮੈ ਨੇ ਗੁਰਦੇਵ ਦੇ ਪਾਵਨ ਚਰਨਾਂ ਤੇ ਝੁਕਣ ਦੀ ਬਜਾਏ ਤਾਅਨਾ ਮਾਰਨੇ ਲਈ ਉਕਸਾਇਆ ਤੇ ਆਖਿਆ ਕਿ ਨਾਮ ਤਾਂ ਹਰੀ ਤੇ ਕ੍ਰਿਸ਼ਨ, ਦੋਹਾਂ ਦਾ ਲਖਾਇਕ ਹੈ, ਕੀ ਇਨ੍ਹਾਂ ਨੂੰ ਗੀਤਾ ਦਾ ਗਿਆਨ ਵੀ ਹੈ ? ਮੂਰਖ ਹੰਕਾਰੀ ਨੇ ਕਿੰਨੀ ਵੱਡੀ ਚੁਨੌਤੀ ਗੁਰੂ ਨਾਨਕ ਦੇਵ ਨੂੰ ਦਿੱਤੀ ? ਗੁਰਦੇਵ ਜੀ ਨੇ ਪੰਡਤ ਦੀ ਤਸੱਲੀ ਤੇ ਨਿਸਤਾਰੇ ਲਈ ਆਪਣੇ ਮੁਖਾਰਬਿੰਦ ਤੋਂ ਕੋਈ ਉਪਦੇਸ਼ ਨਹੀਂ ਦਿੱਤਾ, ਬਲਕਿ ਰੱਬੀ ਬਖ਼ਸ਼ਸ਼ ਦੇ ਕਮਾਲ ਦਾ ਐਸਾ ਕੌਤਕ ਰਚਾਇਆ ਕਿ ਪੰਡਤ ਦੇ ਹੰਕਾਰ ਦਾ ਕੜ ਟੁੱਟ ਗਿਆ। ਹਜ਼ੂਰ ਦੇ ਸੁਝਾਉ ਤੇ ਖੁਸ਼ ਹੋ ਕੇ ਪੰਡਤ ਇਕ ਸਿੱਧੇ ਸਾਦੇ, ਮੂਰਖ, ਗੂੰਗੇ ਝੀਉਰ ਨੂੰ ਬੁਲਾ ਕੇ ਦਰਬਾਰ ਵਿਚ ਲੈ ਆਇਆ। ਸਰੀਰਕ ਰੋਗ, ਮਾਨਸਿਕ ਰੋਗ, ਦੀਰਘ ਰੋਗ, ਕਰਮ ਰੋਗ, ਫਿਰ ਜਮਾਂਦਰੂ ਰੋਗ, ਇਨ੍ਹਾਂ ਸਭਨਾਂ ਦੇ ਸਮੂਹ ਭਿਆਨਕ ਰੋਗ ਦਾ ਨਿਵਾਰਨਾ ਨਾ ਤਾਂ ਡਾਕਟਰਾਂ ਦੇ ਵੱਸ ਦੀ ਗੱਲ ਹੈ, ਨਾ ਹੀ ਕੱਚੇ ਪਿੱਲੇ ਪਖੰਡੀ ਗੁਰੂਆਂ ਦੀ। ਵੈਦ-ਗੁਰੂ ਨੇ



www.AKJ.Org

ਅੰਮ੍ਰਿਤ-ਭਰੇ ਨੈਣਾਂ ਨਾਲ ਤੱਕਿਆ ਤੇ ਝੀਊਰ ਤੇ ਛੜੀ (ਛੋਟੀ ਸੋਟੀ) ਦੁਆਰਾ ਚਕ੍ਰਿਤ ਕਰਨ ਵਾਲੀ ਸਪਰਸ਼ ਕਲਾ ਵਿਖਾਈ। ਉਸ ਦੀ ਮੂੜ੍ਹ-ਅਗਿਆਨ ਬੁੱਧੀ ਨੂੰ ਐਸਾ ਗਿਆਨ ਦਾ ਚਾਨਣ ਪ੍ਰਾਪਤ ਹੋਇਆ, ਜਿਸ ਦੇ ਸਦਕੇ ਉਸ ਨੇ ਮਹਾਨ ਵਕਤਾ ਦੇ ਰੂਪ ਵਿਚ ਗੀਤਾ ਦੇ ਸੰਬੰਧ ਵਿਚ ਪੁੱਛੇ- ਗਏ ਪ੍ਰਸ਼ਨਾਂ ਦਾ ਢੁਕਵਾਂ ਉੱਤਰ ਦੇ ਕੇ ਨਾ-ਕੇਵਲ ਆਪਣੀ ਯੋਗਤਾ ਦਾ ਸਬੂਤ ਦਿੱਤਾ, ਬਲਕਿ ਆਪਣੇ ਪ੍ਰਸ਼ਨਾਂ ਦੁਆਰਾ ਪੰਡਤ ਨੂੰ ਨਿਰੁੱਤਰ ਕਰ ਦਿੱਤਾ।

ਕੀ ਐਸੀ ਪਰਿਵਰਤਨ-ਸ਼ੀਲ ਕਲਾ ਇਨਸਾਨ ਦਿਖਾ ਸਕਦਾ ਹੈ? ਬਿਲਕੁਲ ਨਹੀਂ। ਇਸ ਤਰ੍ਹਾਂ ਦਾ ਇਨਕਲਾਬੀ ਕੰਮ ਭਗਵਾਨ ਹੀ ਕਰਨ ਯੋਗ ਹੈ। ਇਸ ਦਾ ਵਰਨਣ ਗੁਰਬਾਣੀ ਵਿਚ ਵਿਸਥਾਰ ਸਹਿਤ ਹੋਇਆ ਹੈ—

ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥
ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥੨॥
ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥
ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥੩॥੭੫॥

(ਗਉੜੀ ਗੁ: ਮ: ੫, ਪੰਨਾ ੧੭੭)

ਪੰਡਤ ਦਾ ਹਉਮੈ ਰੋਗ ਤਾਂ ਕੱਟਣਾ ਹੀ ਸੀ, ਇਸ ਨਾਲ ਨਿਥਾਵੇਂ ਨੂੰ ਥਾਂ ਮਿਲ ਗਿਆ, ਨਿਮਾਣੇ ਨੂੰ ਮਾਣ ਮਿਲ ਗਿਆ। ਮੂਰਖ ਬਦਲ ਗਿਆ ਸੁੰਦਰ ਕਥਾ ਕਰਨ ਵਾਲੇ ਵਿਦਵਾਨ ਵਿਚ, ਨਾ-ਸਮਝ, ਨਾ-ਚੀਜ਼ ਬਦਲ ਗਿਆ ਇਕ ਬੁੱਧੀਮਾਨ ਵਿਚ। ਐਸਾ ਕਾਇਆ-ਪਲਟ ਪਰਿਵਰਤਨ ਗੁਰ ਸੰਗਤ ਵਿਚ ਹੀ ਹੋਇਆ ਕਰਦਾ ਹੈ। ਪਾਵਨ ਹੁਕਮ ਹੈ:—

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ਰਹਾਉ॥੩੭॥

(ਬਿਲਾਵਲੁ ਮ: ੫, ਪੰਨਾ ੮੦੯)

ਦਾਤਾਰ ਪ੍ਰੀਤਮ ਦਾ ਦੂਸਰਾ ਮਹਾਨ ਗੁਣ, ਸਭ ਪ੍ਰਕਾਰ ਦੇ ਦੁਖ, ਰੋਗ ਨਿਵਾਰਨ ਦੀ ਸਮਰੱਥਾ ਹੈ। ਇਹ ਮਹਾਨ ਬਖਸ਼ਸ਼ ਆਪਣੇ ਗੁਰਦੇਵ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਤੋਂ ਵਿਰਸੇ ਵਿਚ ਹੀ ਪ੍ਰਾਪਤ ਸੀ, ਜਿਨ੍ਹਾਂ ਨੇ ਰੋਗੀਆਂ ਦੇ ਪਰਤੋਪਕਾਰ ਲਈ ਸ਼ਫ਼ਾਖਾਨਾ ਖੋਲ੍ਹਿਆ ਹੋਇਆ ਸੀ। ਹਜ਼ੂਰ ਨੇ ਨਾ-ਕੇਵਲ ਔਸ਼ਧੀਆਂ ਦੁਆਰਾ ਅਰੋਗਤਾ ਬਖਸ਼ੀ, ਬਲਕਿ ਅੰਮ੍ਰਿਤ-ਬਚਨ ਤੇ ਨਦਰਿ ਰਹਿਮਤ ਨੇ ਵੀ ਅਸਾਧ ਰੋਗਾਂ ਦਾ ਬਿਨਾਸ਼ ਕਰਕੇ ਦਾਇਮੀ ਕਲਸ਼ਾਂ ਤੋਂ ਮੁਕਤ ਕਰਾਇਆ। ਭਾਈ ਨੰਦ ਦੀ ਨਜ਼ਰ ਵਿਚ ਸਚੇ ਪਾਤਸ਼ਾਹ ਮਾਨਸਕ ਪੀੜਾਂ ਦੀ ਸਹੀ ਤਸ਼ਖੀਸ ਕਰਕੇ ਮੁਨਾਸਬ ਦੁਆਈ ਦੇਣ ਵਾਲੇ ਪੂਰਨ ਵੈਦ ਸਨ—

ਨਬਜ਼ਿ ਦਿਲ ਚੂੰ ਮੁਰਸ਼ਿਦੇ ਕਾਮਿਲ ਸ਼ਨਾਖ਼ਤ ॥
ਜ਼ਿੰਦਗੀ-ਏ ਉਮਰ ਰਾ ਹਾਸਿਲ ਸ਼ਨਾਖ਼ਤ ॥੪੫੩॥ (ਜ਼ਿੰਦਗੀ ਨਾਮਾ)

ਅਰਥਾਤ, ਜਦ ਪੂਰੇ ਸਤਿਗੁਰੂ ਨੇ ਤੇਰੇ ਮਨ ਦੀ ਨਬਜ਼ ਪਰਖੀ ਤਾਂ ਸਾਰੀ ਉਮਰ ਲਈ ਤੈਨੂੰ ਸੁਹਣਾ, ਸੁਚੱਜਾ ਜੀਵਨ ਮਿਲ ਗਿਆ। ਕਲਗੀਧਰ ਦਸਮੇਸ਼ ਪਿਤਾ ਨੇ ਮਹਾਨ ਰੱਬੀ ਬਖਸ਼ਸ਼ ਦਾ ਜ਼ਿਕਰ ਕਰਦਿਆਂ "ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ" ਉਚਾਰ ਕੇ ਅਮਿੱਟ ਛਾਪ ਲਾਈ ਹੈ।

ਸਤਿਗੁਰੂ ਜੀ ਜਦ ਦਿੱਲੀ ਵਿਚ ਬੰਗਲਾ ਸਾਹਿਬ ਅਸਥਾਨ ਤੇ ਨਿਵਾਸ ਕਰਦਿਆਂ, ਸੱਚ ਦੇ ਪ੍ਰਕਾਸ਼ ਦੁਆਰਾ, ਤਿਮਰ ਅਗਿਆਨੀ ਹਿਰਦਿਆਂ ਵਿਚ ਜੋਤਿ ਜਗਾ ਰਹੇ ਸਨ ਤਾਂ ਇਕ ਬਹੁਤ ਭਿਆਨਕ ਮਾਰੂ ਰੋਗ ਨੇ ਦਿੱਲੀ ਨਿਵਾਸੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਵੱਡੇ ਪੈਮਾਨੇ ਤੇ ਅਰੋਗਤਾ ਦਾਨ ਪਰਦਾਨ ਕਰਨ ਲਈ ਇਕ ਚੁਬੱਚਾ ਤਿਆਰ ਕਰ ਕੇ ਆਪਣੇ ਚਰਨ ਕਮਲਾਂ ਦੀ ਛੁਹ ਦੁਆਰਾ ਬਣੇ ਜਲ-ਅੰਮ੍ਰਿਤ ਨਾਲ ਅਨੇਕਾਂ ਰੋਗੀਆਂ ਨੂੰ ਮੌਤ ਦੇ ਮੂੰਹ ਤੋਂ ਬਚਾਇਆ। ਸਾਰੀ ਦਿੱਲੀ ਵਿਚ ਬਖਸ਼ਸ਼ ਦਾ ਚਰਚਾ ਫੈਲ ਗਿਆ ਤੇ ਭਾਰੀ ਗਿਣਤੀ


www.AKJ.Org

ਵਿਚ ਰੋਗੀਆਂ ਦੀ ਹਾਜ਼ਰੀ ਵੱਧਣ ਲੱਗੀ। ਸੰਗਤਾਂ ਠੀਕ ਹੁੰਦੀਆਂ ਗਈਆਂ, ਪਰ ਗੁਰਦੇਵ ਜੀ ਦਾ ਪੰਜ-ਭੂਤਕ ਸਰੀਰ ਰੋਗ-ਗ੍ਰਸਤ ਹੁੰਦਾ ਗਿਆ। ਇਉਂ ਕ੍ਰਿਪਾਲੂ, ਦਿਆਲੂ ਸਤਿਗੁਰੂ ਜੀ ਨੇ ਦੁੱਖੀਆਂ ਦਾ ਦੁੱਖ ਵੰਡਾਉਂਦਿਆਂ ਆਪਣਾ ਚੋਲਾ ਇਵੇਂ ਤਿਆਗਿਆ ਜਿਵੇਂ ਕਿ ਰੋਗੀ ਸੰਸਾਰ ਦਾ ਸਾਰਾ ਰੋਗ ਆਪਣੇ ਸਰੀਰ ਤੇ ਲੈ ਲਿਆ ਹੁੰਦਾ ਹੈ।

ਗੁਰਦੁਆਰਾ ਬੰਗਲਾ ਸਾਹਿਬ, ਆਪ ਦੀ ਪਾਵਨ ਯਾਦ ਵਿਚ ਐਸਾ ਜੱਗ-ਪ੍ਰਸਿੱਧ, ਸਾਂਝਾ ਮ੍ਹਾਨ ਸਰੋਵਰ, ਦੂਖ ਨਿਵਾਰਨਹਾਰ ਅਸਥਾਨ ਹੈ ਜਿੱਥੇ ਗੁਰਸਿੱਖਾਂ ਦੇ ਇਲਾਵਾ, ਬਹੁ-ਗਿਣਤੀ ਵਿਚ ਹਿੰਦੂ, ਮੁਸਲਮਾਨ, ਈਸਾਈ ਤੇ ਹੋਰ ਧਰਮਾਂ ਦੇ ਪੈਰੋਕਾਰ ਵੀ ਵਿਸ਼ਵਾਸ ਤੇ ਸਤਿਕਾਰ ਸਹਿਤ ਹਾਜ਼ਰੀਆਂ ਭਰ ਕੇ ਆਪਣੀਆਂ ਖ਼ਾਲੀ ਝੋਲੀਆਂ, ਅਰੋਗਤਾ ਤੇ ਬਖਸ਼ਸ਼ ਦੀ ਖ਼ੈਰ ਨਾਲ ਭਰਦੇ ਹਨ। ਇਹ ਵੀ ਕਾਫ਼ੀ ਹੱਦ ਤੱਕ ਸਚਾਈ ਹੈ ਕਿ ਸਾਡੇ ਵਰਗੇ ਅਨੇਕਾਂ ਮੰਗਤਿਆਂ ਦੀ ਮੰਗ ਸਰੀਰਕ ਰੋਗਾਂ ਦੀ ਨਵਿਰਤੀ ਤੱਕ ਹੀ ਮਹਿਦੂਦ ਹੈ ਤੇ ਕੋਈ ਵਿਰਲਾ ਹੀ ਸੰਤ ਜਨ ਹੈ ਜਿਸ ਦੀ ਇੱਛਾ ਅਧਿਆਤਮਕ ਪੰਧ ਵਿਚ ਪੈ ਰਹੇ ਬਿਘਨਾਂ ਦੇ ਬਿਨਾਸ ਕਰਨ ਦੀ ਹੈ, ਜਦ ਕਿ ਬਖਸ਼ਣਹਾਰ ਦੀ ਬਖਸ਼ਸ਼ ਦਾ ਦਾਇਰਾ ਏਨਾ ਵਿਸ਼ਾਲ ਹੈ ਕਿ ਉਸ ਵਿਚ ਤਿੰਨੇ ਤਾਪਾਂ, ਸਰੀਰਕ, ਮਾਨਸਿਕ ਤੇ ਭਰਮ ਆਦਿ ਰੋਗਾਂ ਦਾ ਸਹਜੇ ਹੀ ਦਗਧ ਹੋਇ ਆਉਂਦਾ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ—

ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖਦਾਤਾ ਨੇਰਾ ॥<br>
ਭੈ ਭੰਜਨ ਅਬਿਨਾਸੀ ਰਾਇ ॥ ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥੪੭॥<br>
(ਭੈਰਉ ਮ: ੫, ਪੰਨਾ ੧੧੪੯)

ਇਸ ਗੁਰਵਾਕ ਵਿਚ, ਸੱਚੇ ਗੁਰੂ, ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਪਮਾ ਦਾ ਭਾਵ ਪਰੋਇਆ ਜਾਪਦਾ ਹੈ। ਇਸ ਮਹਾਨ ਉਸਤਤਿ ਦਾ ਸਾਰ, ਸੰਖੇਪ ਸ਼ਬਦਾਂ ਵਿਚ ਇਨ੍ਹਾਂ ਸ਼ਬਦਾਂ ਵਿਚ ਵਰਨਣ ਕੀਤਾ ਜਾ ਸਕਦਾ ਹੈ—ਮੇਰੇ ਜੀਅ-ਪ੍ਰਾਣਾਂ ਦਾ ਸੁਆਮੀ ਸਤਿਗੁਰ ਕਰਣ ਕਾਰਣ ਸਮਰੱਥ ਹੈ। ਉਹ ਹਾਜ਼ਰ ਨਾਜ਼ਰ ਸਦ-ਸੁਣਦਾ, ਸਦ-ਵੇਖਦਾ ਹੈ, ਸਾਡੀਆਂ ਗੁਪਤ ਅਰਦਾਸਾਂ ਦਾ ਗਿਆਤਾ, ਭੈ ਤੋੜਨ ਵਾਲਾ, ਸੁੱਖਾਂ ਦਾ ਦਾਤਾ ਹੈ। ਉਨ੍ਹਾਂ ਦੇ ਪਾਵਨ ਚਰਨਾਂ ਤੋਂ ਕੁਰਬਾਨ ਜਾਣਾ, ਬਲਿਹਾਰ ਜਾਣਾ ਬਣਦਾ ਹੈ, ਜਿਨ੍ਹਾਂ ਦੇ ਧਿਆਨ ਧਰਨ ਨਾਲ, ਤੇ ਪਾਵਨ ਦਰਸ਼ਨ ਕਰਨ ਨਾਲ ਸਾਰੇ ਦੁੱਖਾਂ ਦਾ ਨਾਸ਼ ਹੁੰਦਾ ਹੈ। ਐਸੇ ਫਲ-ਦਾਤਾ ਗੁਰਦੇਵ ਅਠਵੇਂ ਸਰੂਪ ਹਨ, ਜਿਨ੍ਹਾਂ ਦੀ ਨਿਰਮਲ ਸੇਵਾ ਬਦੌਲਤ ਦੁਖ, ਦਰਦ, ਰੋਗ, ਸੋਗ ਤੋਂ ਸੁਰੱਖਿਅਤ ਰਹਿ ਕੇ ਅਨੰਦ, ਖੇੜਾ ਪ੍ਰਾਪਤ ਹੁੰਦਾ ਹੈ ਤੇ ਰਾਮ ਨਾਮ ਵਾਹਿਗੁਰੂ ਗੁਰਮੰਤ੍ਰ ਦਾ ਨਿਵਾਸ ਹਿਰਦੇ ਵਿਚ ਹੁੰਦਾ ਹੈ।

ਦਸਾਂ ਸਤਿਗੁਰਾਂ ਦੀ ਇਕੋ ਜੋਤਿ, ਤੇ ਅਠਵੇਂ ਪਾਤਸ਼ਾਹ ਦੀ ਵਿਲੱਖਣ ਸ਼ਖ਼ਸੀਅਤ ਬਾਰੇ ਭਾਈ ਨੰਦ ਲਾਲ ਜੀ ਦੇ ਬਚਨ ਪੂਰੇ ਢੁੱਕਦੇ ਹਨ—

ਹਮੂ ਹਰਿ ਕ੍ਰਿਸਨ ਆਮਦਹ ਸਰ ਬੁਲੰਦ ॥<br>
ਅਜ਼ੋ ਹਾਸਿਲ ਉੱਮੀਦਿ ਹਰ ਮੁਸਤਮੰਦ ॥੨੯॥ (ਜੋਤਿ ਬਿਗਾਸ)

---

## ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ।

੫. ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਕਿਸੇ ਜ਼ਾਤੀ ਨਾਂ ਤੇ ਨਾ ਭੇਜੋ।

੬. ਦੇਸਾਂ ਪਰਦੇਸ਼ਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/—ਰੁਪਏ ਅਤੇ ਵਡੀਆਂ ਰਕਮਾਂ ਲਈ 20/—ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।

www.AKJ.Org

# ਗੁਰ ਬਿਨੁ ਘੋਰੁ ਅੰਧਾਰੁ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਜਦੋਂ ਅਸੀਂ ਨਿੱਕੇ ਨਿੱਕੇ ਹੁੰਦੇ ਸੀ ਤਾਂ ਸਾਡੇ ਘਰਾਂ ਵਿਚ ਘੁੱਪ ਹਨ੍ਹੇਰਾ ਹੋਇਆ ਕਰਦਾ ਸੀ, ਲੋਕੀਂ ਰਾਤ ਦੇ ਹਨ੍ਹੇਰੇ ਵਿਚ ਸਰ੍ਹੋਂ ਦੇ ਤੇਲ ਦੇ ਦੀਵੇ ਜਗਾ ਕੇ ਕੰਮ ਸਾਰ ਲੈਂਦੇ ਸਨ। ਸਮੇਂ ਦੇ ਬੀਤਣ ਨਾਲ ਮਿੱਟੀ ਦੇ ਤੇਲ ਨਾਲ ਬਲਣ ਵਾਲੇ ਦੀਵੇ, ਲਾਲਟੈਣਾਂ ਤੇ ਲੈਂਪ ਆ ਗਏ ਅਤੇ ਫਿਰ ਬਿਜਲੀ ਸਦਕਾ ਰੌਸ਼ਨੀ ਦੇ ਲਾਟੂ (ਬਲਬ) ਤੇ ਡੰਡੇ (ਟਿਊਬਾਂ) ਲੱਗ ਗਏ। ਸ਼ਹਿਰਾਂ ਵਿਚ ਬਿਜਲੀ ਦੇ ਆ ਜਾਣ ਨਾਲ ਹਨ੍ਹੇਰਾ ਦੂਰ ਹੋ ਗਿਆ ਅਤੇ ਅੰਦਰ ਬਾਹਰ ਜਗ-ਮਗਾ ਉੱਠਿਆ।

(੨) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇਸ ਵਿਚ ਕੂੜ ਕੁਸੱਤ ਦਾ ਰਾਜ ਸੀ। ਸਮਾਂ "ਕੈਂਚੀ" (ਕਾਤੀ) ਤੇ ਰਾਜੇ "ਕਸਾਈ", ਹਾਕਮ 'ਸ਼ੀਂਹ" ਤੇ ਮੁਕੱਦਮ "ਕੁੱਤੇ" ਬਣ ਚੁੱਕੇ ਸਨ ਅਤੇ ਉਨ੍ਹਾਂ ਦੇ ਕਾਰਿੰਦੇ ਨਿਮਾਣੀ ਨਿਤਾਣੀ ਪਰਜਾ ਨੂੰ ਚੂੰਡ ਚੂੰਡ ਕੇ ਖਾ ਰਹੇ ਸਨ। ਧਰਮ ਤੇ ਨਿਆਂ ਅਲੋਪ ਹੋ ਚੁੱਕੇ ਸਨ ਅਤੇ ਸੱਚ ਦੇ ਚੰਦ ਨੂੰ ਕੂੜ ਦੀ ਕਾਲੀ ਸ਼ਾਹ ਰਾਤ ਨੇ ਲੁਕੋ ਲਿਆ ਸੀ।

ਕਲਿ ਕਾਤੀ, ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥੧॥੧੬॥

(ਸਲੋਕੁ ਮ: ੧, ਵਾਰ ਮਾਝ, ਪੰਨਾ ੧੪੫)

ਅਤੇ– ਰਾਜੇ ਸ਼ੀਂਹ, ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥੨॥੨੨॥

(ਮ: ੧, ਵਾਰ ਮਲਾਰ, ਪੰਨਾ ੧੨੮੮)

ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਕੂੜ ਕੁਸੱਤ ਦੀ ਧੁੰਧ ਦੂਰ ਹੋ ਗਈ ਅਤੇ ਸੰਸਾਰ ਵਿਚ "ਸਤਿ" ਦਾ ਚਾਨਣ ਹੋ ਗਿਆ। ਜਿਵੇਂ ਸੂਰਜ ਦੇ ਨਿਕਲਣ ਨਾਲ ਤਾਰੇ ਅਲੋਪ ਹੋ ਜਾਂਦੇ ਹਨ ਅਤੇ ਹਨ੍ਹੇਰਾ ਦੂਰ ਹੋ ਜਾਂਦਾ ਹੈ, ਸ਼ੇਰ ਦੇ ਗੱਜਣ ਨਾਲ ਹਰਨਾਂ ਦੀਆਂ ਡਾਰਾਂ ਨੂੰ ਭੱਜਦਿਆਂ ਰਾਹ ਨਹੀਂ ਲਭਦਾ, ਤਿਵੇਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਨਾਲ ਕੂੜ ਦੀ ਪ੍ਰਧਾਨਤਾ ਖ਼ਤਮ ਹੋ ਗਈ, ਅਤੇ ਸਤਿ ਦਾ ਸੂਰਜ ਲਿਸ਼ਕਾਂ ਮਾਰਨ ਲੱਗ ਪਿਆ।

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ, ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ, ਅੰਧੇਰੁ ਪਲੋਆ ॥
ਸਿੰਘ ਬੁਕੇ ਮਿਰਗਾਵਲੀ, ਭੰਨੀ ਜਾਇ ਨ ਧੀਰਿ ਧਰੋਆ ॥...
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ (ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)

(੩) "ਗੁਰੂ ਸ਼ਬਦ "ਗੁ" ਤੇ "ਰੂ" ਦਾ ਸੁਮੇਲ ਹੈ। "ਗੁ" ਦਾ ਅਰਥ ਹੈ ਹਨ੍ਹੇਰਾ ਅਤੇ "ਰੂ" ਦਾ ਭਾਵ ਹੈ ਰੁਸ਼ਨਾਈ ਅਥਵਾ ਚਾਨਣ। ਸੋ ਗੁਰੂ ਦਾ ਅਰਥ ਹਨ੍ਹੇਰੇ ਵਿਚ ਚਾਨਣ ਜਾਂ ਹਨ੍ਹੇਰੇ ਨੂੰ ਦੂਰ ਕਰਨ ਵਾਲੀ ਰੌਸ਼ਨੀ ਜਾਂ ਪ੍ਰਕਾਸ਼ (*Light to remove darkness or light in darkness*) ਹੋਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ ਕਿ ਜੇ ਸੌ ਚੰਦ ਪੈਦਾ ਹੋ ਜਾਣ ਤੇ ਹਜ਼ਾਰ ਸੂਰਜ ਨਿਕਲ ਆਉਣ, ਏਨੀ ਵੱਡੀ ਰੁਸ਼ਨਾਈ (ਚਾਨਣ) ਦੇ ਹੁੰਦਿਆਂ ਹੋਇਆਂ ਵੀ ਗੁਰੂ ਬਿਨਾਂ ਘੁੱਪ ਹਨ੍ਹੇਰਾ ਹੀ ਹੈ–

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥

(ਆਸਾ ਦੀ ਵਾਰ, ਪੰਨਾ ੪੬੩)



www.AKJ.Org

ਭੱਟਾਂ ਦੇ ਸਵਈਆਂ ਅੰਦਰ ਇਸ ਵਿਚਾਰ ਨੂੰ ਇਉਂ ਦਰਸਾਇਆ ਗਿਆ ਹੈ—

ਗੁਰ ਬਿਨੁ ਘੋਰੁ ਅਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥੪॥੮॥

(ਸਵਈਏ ਮ: ੪ ਕੇ, ਪੰਨਾ ੧੩੯੯)

ਅਸੀਂ ਅਗਿਆਨਤਾ ਦੇ ਹਨ੍ਹੇਰੇ ਵਿਚ ਭਟਕ ਰਹੇ ਹਾਂ, ਸਾਡੇ ਮਨ ਰੂਪੀ ਕੋਠੇ ਦੇ ਬੂਹੇ ਬੰਦ ਹਨ ਅਤੇ ਅਗਿਆਨਤਾ ਦਾ ਜੰਦਰਾ ਵੱਜਾ ਹੋਇਆ ਹੈ। ਇਸ ਜੰਦਰੇ ਨੂੰ ਖੋਲ੍ਹਣ ਲਈ ਗੁਰੂ . ਕੋਲ ਗਿਆਨ ਰੂਪੀ ਕੁੰਜੀ ਹੈ। ਉਹ ਕੁੰਜੀ ਗੁਰੂ ਤੋਂ ਬਿਨਾ ਕਿਸੇ ਹੋਰ ਕੋਲ ਨਹੀਂ। ਜਿੰਨੀ ਦੇਰ ਅਸੀਂ ਗੁਰੂ ਅੱਗੇ ਆਪਾ ਅਰਪਨ ਨਹੀਂ ਕਰਦੇ, ਅਤੇ ਨਿਮਾਣੇ ਨਿਤਾਣੇ ਬਣ ਕੇ ਜੋਦੜੀ ਨਹੀਂ ਕਰਦੇ, ਸਾਡੇ ਮਨ ਦਾ ਤਾਕ (ਬੂਹਾ) ਨਹੀਂ ਖੁਲ੍ਹੇਗਾ ਅਤੇ ਅਸੀਂ ਅਗਿਆਨਤਾ ਦੇ ਹਨ੍ਹੇਰੇ ਵਿਚ ਹੀ ਧੱਕੇ ਧੋੜੇ ਖਾਂਦੇ ਰਹਾਂਗੇ। ਜਦੋਂ ਗੁਰੂ ਦੀ ਮਿਹਰ ਦਾ ਸਦਕਾ ਸਾਡੇ ਮਨ ਰੂਪੀ ਕੋਠੇ ਦਾ ਤਾਕ ਖੁੱਲ੍ਹ ਜਾਵੇਗਾ ਤਾਂ ਸਾਡੇ ਮਨ ਦੀ ਅਗਿਆਨਤਾ ਦੂਰ ਹੋ ਜਾਵੇਗੀ ਅਤੇ ਹਨ੍ਹੇਰੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਵੇਗਾ—

ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥੧॥

(ਵਾਰ ਸਾਰੰਗ, ਸਲੋਕ ਮ: ੨, ਪੰਨਾ ੧੨੩੭)

(੪) ਪੰਜਾਬ ਵਿਚ ਭਾਖੜਾ ਪ੍ਰਾਜੈਕਟ ਦੇ ਪੂਰਾ ਹੋ ਜਾਣ ਨਾਲ ਇਕ ਤਾਂ ਨਹਿਰਾਂ ਦਾ ਜਾਲ ਵਿਛ ਗਿਆ, ਦੂਜੇ ਭਾਖੜਾ, ਗੰਗੂਵਾਲ, ਕੋਟਲਾ ਆਦਿ ਥਾਵਾਂ ਤੇ ਪਾਵਰ ਹਾਊਸ (ਬਿਜਲੀ ਘਰ) ਬਣਨ ਨਾਲ ਪਿੰਡਾਂ ਸ਼ਹਿਰਾਂ ਵਿਚ ਬਿਜਲੀ ਆ ਗਈ। ਜਿਨ੍ਹਾਂ ਲੋਕਾਂ ਦੇ ਘਰ/ਕਾਰਖ਼ਾਨੇ ਬਿਜਲੀ-ਸਪਲਾਈ-ਲਾਈਨ ਨਾਲ ਜੁੜ ਗਏ ਉਨ੍ਹਾਂ ਦੇ ਘਰਾਂ ਵਿਚ ਚਾਨਣ ਹੋ ਗਿਆ ਅਤੇ ਮਸ਼ੀਨਾਂ ਠੱਕ ਠੱਕ ਚੱਲਣ ਲੱਗ ਪਈਆਂ, ਪਰ ਜਿਨ੍ਹਾਂ ਲੋਕਾਂ ਨੂੰ ਬਿਜਲੀ ਦਾ ਕੁਨੈਕਸ਼ਨ ਨਾ ਮਿਲਿਆ ਉਨ੍ਹਾਂ ਦੀਆਂ ਮਸ਼ੀਨਾਂ ਖੜ੍ਹੀਆਂ ਦੀਆਂ ਖੜ੍ਹੀਆਂ ਹੀ ਰਹੀਆਂ ਅਤੇ ਉਹ ਹਨ੍ਹੇਰੇ ਵਿਚ ਹੀ ਭਟਕਦੇ ਰਹੇ।

ਜਿਨ੍ਹਾਂ ਲੋਕਾਂ ਨੂੰ ਨਹਿਰ ਦਾ ਮੋਘਾ ਮਿਲ ਗਿਆ ਉਨ੍ਹਾਂ ਦੇ ਸੁੱਕੇ ਖੇਤ ਹਰੇ ਭਰੇ ਹੋ ਗਏ, ਪਰ ਜਿਹੜੇ ਮਨੁੱਖ ਨਹਿਰ ਦੇ ਹੁੰਦਿਆਂ ਹੋਇਆਂ ਵੀ ਪਾਣੀ ਪ੍ਰਾਪਤ ਨਾ ਕਰ ਸਕੇ ਉਨ੍ਹਾਂ ਦੀਆਂ ਫ਼ਸਲਾਂ ਸੋਕੇ ਨੇ ਹੀ ਮਾਰ ਲਈਆਂ।

ਜਿਨ੍ਹਾਂ ਮਨੁੱਖਾਂ ਨੇ ਆਪਣਾ ਨਾਤਾ ਸੱਚੇ ਗੁਰੂ ਨਾਲ ਜੋੜ ਲਿਆ, ਜਿਹੜੇ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲਗ ਗਏ, ਉਨ੍ਹਾਂ ਨੂੰ ਅੰਮ੍ਰਿਤ-ਜਲ ਮਿਲ ਗਿਆ, ਜਿਸ ਕਾਰਨ ਉਨ੍ਹਾਂ ਦੇ ਰੋਗ ਦੂਰ ਹੋ ਗਏ, ਉਨ੍ਹਾਂ ਦੀ 'ਹਾਏ-ਤੌਬਾ' ਮੁਕ ਗਈ, ਉਹ ਤੰਦਰੁਸਤ ਹੋ ਗਏ। ਹਾਂ ਹਾਂ! ਉਹ ਰਿਸ਼ਟ ਪੁਸ਼ਟ ਹੋ ਗਏ, ਉਨ੍ਹਾਂ ਦੀ ਅਗਿਆਨਤਾ ਦੂਰ ਹੋ ਗਈ ਉਨ੍ਹਾਂ ਦੇ ਘਰ (ਸਰੀਰ) ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ, ਉਹ ਨੂਰੋ ਨੂਰ ਹੋ ਗਏ। ਉਨ੍ਹਾਂ ਦੇ ਹਿਰਦੇ ਜਗਮਗਾ ਉਠੇ। ਗੁਰੂ ਕੋਲੋਂ ਉਨ੍ਹਾਂ ਨੂੰ ਗਿਆਨ ਦਾ ਸੁਰਮਾ ਮਿਲਣ ਸਦਕਾ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਗਿਆ—

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥ ਸਲੋਕ ॥੨੩॥

(ਗਉੜੀ ਸੁਖਮਨੀ ਮ: ੫, ਪੰਨਾ ੨੯੩)

(੫) ਭਾਖੜਾ ਪ੍ਰਾਜੈਕਟ ਕੀ ਹੈ ? ਭਾਖੜਾ ਪਿੰਡ ਕੋਲ ਸਤਲੁਜ ਦਰਿਆ ਤੇ ਮਾਰਿਆ ਹੋਇਆ ਬੰਨ੍ਹ। ਦਰਿਆ ਦੇ ਵਗਦੇ ਪਾਣੀ ਨੂੰ ਬੰਨ੍ਹ ਲਾ ਕੇ ਰੋਕ ਲਿਆ ਗਿਆ ਹੈ, ਜਿਹੜਾ ਇੱਕ ਵੱਡੀ ਝੀਲ ਦੀ ਸ਼ਕਲ ਇਖ਼ਤਿਆਰ ਕਰ ਗਿਆ ਹੈ। ਇਸ ਝੀਲ ਨੂੰ "ਗੋਬਿੰਦ ਸਾਗਰ" ਦਾ ਨਾਂ ਦਿੱਤਾ ਗਿਆ ਹੈ। ਇਸ ਬੰਨ੍ਹ ਦੇ ਥੱਲੇ ਵਾਲੇ ਪਾਸੇ


www.AKJ.Org

ਸੱਜੇ ਖੱਬੇ ਬਿਜਲੀ-ਘਰ ਹਨ। ਗੋਬਿੰਦ ਸਾਗਰ ਦਾ ਪਾਣੀ ਸੁਰੰਗਾਂ ਰਾਹੀਂ ਇਨ੍ਹਾਂ ਬਿਜਲੀ-ਘਰਾਂ ਵਿਚ ਆਉਂਦਾ ਹੈ ਅਤੇ ਤੇਜ਼ ਧਾਰ ਬਣ ਕੇ ਬਿਜਲੀ ਜੈਨਰੇਟਰਾਂ (*Generaters*) ਦੇ ਪੱਖਿਆਂ ਤੇ ਪੈਂਦਾ ਹੈ, ਜਿਸ ਸਦਕਾ ਜੈਨਰੇਟਰ ਚੱਲਣ ਲੱਗ ਪੈਂਦੇ ਹਨ ਅਤੇ ਬਿਜਲੀ ਪੈਦਾ ਹੋ ਜਾਂਦੀ ਹੈ, ਜਿਸ ਨੂੰ ਤਾਰਾਂ ਰਾਹੀਂ ਦੂਰ ਦੁਰਾਡੇ ਇਲਾਕਿਆਂ ਵਿਚ ਭੇਜਿਆ ਜਾਂਦਾ ਹੈ।

ਜਿਹੜੇ ਘਰ ਬਿਜਲੀ ਦੀਆਂ ਤਾਰਾਂ ਰਾਹੀਂ ਬਿਜਲੀ-ਘਰ ਨਾਲ ਜੁੜੇ ਰਹਿੰਦੇ ਹਨ ਉਨ੍ਹਾਂ ਦੇ ਬਲਬ, ਟਿਊਬਾਂ, ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਕੰਮ ਕਰਦੀਆਂ ਰਹਿੰਦੀਆਂ ਹਨ ਪਰ ਜਿਨ੍ਹਾਂ ਦਾ ਕੁਨੈਕਸ਼ਨ (*Connection*) ਟੁੱਟ ਜਾਂਦਾ ਹੈ ਉਨ੍ਹਾਂ ਦੀਆਂ ਮਸ਼ੀਨਾਂ ਚਲਣੋਂ ਬੰਦ ਹੋ ਜਾਂਦੀਆਂ ਹਨ ਅਤ ਬਲਬਾਂ ਤੇ ਟਿਊਬਾਂ ਦੇ ਹੁੰਦਿਆਂ ਹੋਇਆਂ ਵੀ ਹਨ੍ਹੇਰਾ ਹੀ ਰਹਿੰਦਾ ਹੈ।

ਘਰਾਂ ਦੀ ਬਿਜਲੀ ਤਾਹੀਓਂ ਹੀ ਬੰਦ ਹੁੰਦੀ ਹੈ ਜੇ ਫ਼ੀਊਜ਼ (*Fuse*) ਉਡ ਜਾਏ ਜਾਂ ਕੁਨੈਕਸ਼ਨ ਟੁੱਟ ਜਾਏ। ਬਿਜਲੀ ਦੀ ਤਾਰ ਦਾ ਪੱਕਾ ਕੁਨੈਕਸ਼ਨ ਕਰਨ ਲਈ ਅਸੀਂ ਕਈ ਢੰਗ ਅਪਣਾਉਂਦੇ ਹਾਂ। ਵਧੀਆਂ ਜੋੜ ਲਾਉਣ ਨੂੰ ਟੰਕਾ ਭਰਨਾ (*Soldering*) ਕਿਹਾ ਜਾਂਦਾ ਹੈ। ਜੇ ਜੋੜਨ ਵਾਲੀਆਂ ਤਾਰਾਂ ਮੈਲੀਆਂ ਹੋਣਗੀਆਂ ਤਾਂ ਟੰਕਾ ਨਹੀਂ ਚਲ ਸਕੇਗਾ। ਮੈਲ ਉਤਾਰਨ ਵਾਸਤੇ ਅਸੀਂ ਸੁਹਾਗਾ (*Borax*) ਜਾਂ ਲੂਣ ਦਾ ਤੇਜ਼ਾਬ (*Hydrochloric acid*) ਵਰਤਦੇ ਹਾਂ। ਮੈਲ ਉਤਰਨ ਨਾਲ ਟੰਕਾ ਚਲ ਜਾਂਦਾ ਹੈ ਅਤੇ ਜੁਦਾ ਹੋਈਆਂ ਤਾਰਾਂ ਮੁੜ ਜੁੜ ਜਾਂਦੀਆਂ ਹਨ।

ਸਾਡੇ ਮਨ ਤੇ ਵਿਕਾਰਾਂ ਦੀ ਮੈਲ ਪੈਂਦੀ ਰਹਿੰਦੀ ਹੈ। ਜਿੰਨੀ ਦੇਰ ਤਕ ਅਸੀਂ ਇਸ ਮੈਲ ਨੂੰ ਦੂਰ ਨਹੀਂ ਕਰਦੇ, ਸਾਡਾ ਮਨ ਗੁਰੂ ਦੇ ਚਰਨਾਂ ਨਾਲ ਨਹੀਂ ਜੁੜੇਗਾ ਅਤੇ ਟੁੱਟੇ ਹੋਏ ਕੁਨੈਕਸ਼ਨ ਕਾਰਨ ਸਾਡੇ ਮਨ ਅੰਦਰ ਅਗਿਆਨਤਾ ਦਾ ਹਨ੍ਹੇਰਾ ਹੀ ਰਹੇਗਾ ਅਤੇ ਅਸੀਂ ਰਸਤੇ ਵਿਚ ਠੇਡੇ ਖਾਂਦੇ, ਡਿਗਦੇ ਢਹਿੰਦੇ ਹੱਡ ਗੋਡੇ ਹੀ ਭੰਨਾਂਦੇ ਰਹਾਂਗੇ, ਆਪਣੀ ਮੰਜ਼ਲ ਤੇ ਨਹੀਂ ਪਹੁੰਚ ਸਕਾਂਗੇ।

ਆਪਣੇ ਮਨ ਨੂੰ ਗੁਰੂ-ਚਰਨਾਂ ਨਾਲ ਜੋੜਨ ਵਾਸਤੇ ਸਾਨੂੰ "ਗੁਰ ਸ਼ਬਦ" ਦੀ ਓਟ ਲੈਣੀ ਪਵੇਗੀ—

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥੨੦॥ (ਜਪੁਜੀ ਸਾਹਿਬ)

ਗੁਰੂ ਦਾ ਸ਼ਬਦ ਸਾਡੇ ਮਨ ਤੇ ਪਈ ਵਿਕਾਰਾਂ ਦੀ ਮੈਲ ਦੂਰ ਕਰ ਦੇਵੇਗਾ, ਮਨ ਦੇ ਨਿਰਮਲ ਹੋ ਜਾਣ ਤੇ "ਟੰਕਾ" ਚਲ ਜਾਵੇਗਾ, ਮਨ ਗੁਰੂ-ਚਰਨਾਂ ਨਾਲ ਜੁੜ ਜਾਵੇਗਾ, ਬੰਦ ਪਏ ਪੱਖੇ ਘੁੰਮਣ ਲਗ ਪੈਣਗੇ ਅਤੇ ਬਿਜਲੀ ਦੀਆਂ ਬੱਤੀਆਂ ਜਗਮਗਾ ਉਠਣੀਆਂ—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥ (ਪੰਨਾ ੧੩੬੭)

ਭਾਖੜੇ ਤੋਂ ਥੱਲੇ ਉੱਤਰ ਕੇ ਸਤਲੁਜ ਦਰਿਆ ਤੇ ਇਕ ਹੋਰ ਬੰਨ੍ਹ ਮਾਰਿਆ ਹੋਇਆ ਹੈ। ਇਹ ਬੰਨ੍ਹ ਨੰਗਲ-ਡੈਮ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਡੈਮ (ਬੰਨ੍ਹ) ਦੇ ਆਲੇ ਦੁਆਲੇ ਨੰਗਲ ਸ਼ਹਿਰ ਵਸਿਆ ਹੋਇਆ ਹੈ। ਏਥੇ ਸਤਲੁਜ ਦਰਿਆ ਦਾ ਪਾਣੀ ਭਾਖੜਾ ਮੁੱਖ ਨਹਿਰ ਵਿਚ ਪਾਇਆ ਜਾਂਦਾ ਹੈ। ਇਹ ਨਹਿਰ ਪੰਜਾਬ ਵਿਚੋਂ ਹੁੰਦੀ ਹੋਈ ਰਾਜਸਥਾਨ ਦੇ ਥਲਾਂ ਤਕ ਜਾਂਦੀ ਹੈ, ਜਿਸ ਸਦਕਾ ਬੇ-ਆਬਾਦ ਜ਼ਮੀਨ ਹਰੇ ਭਰੇ ਖੇਤਾਂ ਵਿਚ ਬਦਲ ਗਈ ਹੈ। ਇਸ ਨਹਿਰ ਤੇ ਗੰਗੂਵਾਲ ਤੇ ਕੋਟਲਾ ਦੇ ਬਿਜਲੀ-ਘਰ ਬਣੇ ਹੋਏ ਹਨ।

ਗੋਬਿੰਦ ਸਾਗਰ ਤੋਂ ਪਾਣੀ ਛੱਲਾਂ ਮਾਰਦਾ ਨੰਗਲ-ਡੈਮ ਨਾਲ ਟਕਰਾਉਂਦਾ ਹੋਇਆ ਭਾਖੜਾ-ਮੁੱਖ ਨਹਿਰ ਵਿਚ ਪ੍ਰਵੇਸ਼ ਕਰਦਾ ਹੈ। ਜੇ ਇਸ ਛੱਲਾਂ ਮਾਰਦੇ ਪਾਣੀ ਨੂੰ ਨੰਗਲ ਡੈਮ ਵਿਚੋਂ ਨਿਕਲਦੀ ਭਾਖੜਾ ਨਹਿਰ ਦੇ ਕੰਢੇ ਖਲੋ ਕੇ ਵੇਖਿਆ ਜਾਏ ਤਾਂ ਕੁਦਰਤ ਦੇ ਵਿਸਮਾਦ ਕਰਨ ਵਾਲੇ ਨਜ਼ਰੇ ਨੂੰ ਤੱਕਦੇ ਥੱਕੋਗੇ ਨਹੀਂ। ਛਲ ਛਲ ਨਹਿਰ ਵਿਚ ਪ੍ਰਵੇਸ਼ ਕਰਦਾ ਪਾਣੀ ਇਕ ਮਨਮੋਹਣਾ ਨਾਦ (*Rhythm*) ਪੈਦਾ ਕਰਦਾ ਹੈ, ਜਿਸ ਨੂੰ (ਸਮਝਣ ਲਈ) ਅਨਹਦ-ਨਾਦ ਕਿਹਾ ਜਾ ਸਕਦਾ ਹੈ।

ਭਾਖੜਾ ਪ੍ਰਾਜੈਕਟ ਸਦਕਾ ਤਿੰਨ ਗੱਲਾਂ ਉੱਭਰ ਕੇ ਸਾਡੇ ਸਾਹਮਣੇ ਆਉਂਦੀਆਂ ਹਨ—


www.AKJ.Org

ੳ) ਖੇਤਾਂ ਦੀ ਸਿੰਜਾਈ ਲਈ ਪਾਣੀ। ਅ) ਪਣ-ਬਿਜਲੀ ਘਰਾਂ ਸਦਕਾ ਬਿਜਲੀ।

ੲ) ਛੱਲਾਂ ਮਾਰਦੇ ਪਾਣੀ ਦਾ ਅਨਹਦ ਨਾਦ।

ਸਾਡੇ ਸ੍ਰੀਰ ਅੰਦਰ ਭੀ ਭਾਖੜਾ ਪ੍ਰਾਜੈਕਟ ਨਾਲ ਮਿਲਦਾ ਜੁਲਦਾ ਪ੍ਰਬੰਧ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਾਰੂ ਰਾਗ ਵਿਚ ਫ਼ੁਰਮਾਉਂਦੇ ਹਨ—

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥੧੪॥ (ਮਾਰੂ ਸੋਹਲੇ ਮ: ੧, ਪੰਨਾ ੧੦੪੧)

ਅਤੇ ਭਗਤ ਪੀਪਾ ਜੀ ਧਨਾਸਰੀ ਰਾਗ ਵਿਚ ਇਸੇ ਵਿਚਾਰ ਨੂੰ ਇਉਂ ਦਰਸਾਉਂਦੇ ਹਨ—

ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ ॥੨॥੩॥ (ਪੰਨਾ ੬੯੫)

ਜੋ ਸੰਸਾਰ ਵਿਚ ਹੈ, ਸੋਈ ਸ੍ਰੀਰ ਵਿਚ ਹੈ। ਜਿਹੜਾ ਖੋਜ ਕਰਦਾ ਹੈ ਉਹ ਲੱਭ ਲੈਂਦਾ ਹੈ। ਭਗਤ ਪੀਪਾ ਜੀ ਕਹਿੰਦੇ ਹਨ ਕਿ ਇਹ ਪਰਮ ਤਤੁ ਹੈ। ਇਸ ਤਤੁ ਨੂੰ ਸਤਿਗੁਰੂ ਦੀ ਕਿਰਪਾ ਸਦਕਾ ਲਖ ਸਕੀਦਾ ਹੈ।

ਹਾਂ ਜੀ! ਸਾਡੇ ਸ੍ਰੀਰ ਦੇ ਉਤਲੇ ਭਾਗ ਅਥਵਾ ਸਿਰ ਵਿਚ ਵੀ ਗੋਬਿੰਦ ਸਾਗਰ ਹੈ। ਇਸ ਨੂੰ ਦਸਮ ਦੁਆਰ ਕਿਹਾ ਜਾਂਦਾ ਹੈ! ਸਤਿਗੁਰੂ ਤੋਂ ਪ੍ਰਾਪਤ ਕੀਤੇ ਗੁਰ-ਉਪਦੇਸ਼ ਦੀ ਅਤੁਟ ਕਮਾਈ ਕੀਤਿਆਂ ਦਸਮ ਦੁਆਰ ਤਕ ਰਸਾਈ ਹੁੰਦੀ ਹੈ ਅਤੇ ਦਸਮ ਦੁਆਰ ਦੇ ਕਪਾਟ ਖੁਲ੍ਹਦੇ ਹਨ। ਗੋਬਿੰਦ ਸਾਗਰ ਦੇ ਜਦੋਂ ਫਾਟਕ ਖੁੱਲ੍ਹਦੇ ਹਨ ਤਾਂ ਛਲ ਛਲ ਕਰਦਾ ਜਲ ਥੱਲ ਨੂੰ ਆਉਂਦਾ ਹੈ, ਜਿਸ ਸਦਕਾ ਬਿਜਲੀ ਪੈਦਾ ਕਰਨ ਦੀਆਂ ਮਸ਼ੀਨਾਂ ਹਰਕਤ ਵਿਚ ਆਉਂਦੀਆਂ ਹਨ। ਬਿਜਲੀ-ਘਰਾਂ ਵਿਚ ਪੈਦਾ ਕੀਤੀ ਬਿਜਲੀ ਸਾਡੇ ਘਰਾਂ ਨੂੰ ਰੁਸ਼ਨਾ ਦਿੰਦੀ ਹੈ ਅਤੇ ਮਸ਼ੀਨਾਂ ਹਰਕਤ ਵਿਚ ਆ ਜਾਂਦੀਆਂ ਹਨ। ਗੋਬਿੰਦ ਸਾਗਰ ਤੋਂ ਬਾਹਰ ਨਿਕਲਿਆ ਪਾਣੀ ਸਾਡੇ ਸੁੱਕੇ ਸੜੇ ਖੇਤਾਂ ਨੂੰ ਹਰਿਆਵਲ ਵਿਚ ਬਦਲ ਦਿੰਦਾ ਹੈ ਅਤੇ ਲਗਾਤਾਰ ਛੱਲਾਂ ਮਾਰਦਾ ਥੱਲੇ ਨੂੰ ਰੁੜ੍ਹਿਆ ਜਾਂਦਾ ਪਾਣੀ ਅਨਹਦ ਨਾਦ ਪੈਦਾ ਕਰਦਾ ਹੈ।

ਇਨ ਬਿੰਨ ਇਵੇਂ ਹੀ ਜਦੋਂ ਸਾਡੇ ਸ੍ਰੀਰ ਵਿਚ ਗੁਪਤ ਰੂਪ ਵਿਚ ਦਸਮ ਦੁਆਰ ਦੇ ਕਪਾਟ ਖੁਲ੍ਹਦੇ ਹਨ ਤਾਂ ਅੰਮ੍ਰਿਤ-ਜਲ ਤ੍ਰਿਕੁਟੀ ਅਥਵਾ ਨੰਗਲ ਡੈਮ ਰਾਹੀਂ ਹੁੰਦਾ ਹੋਇਆ ਸਾਡੇ ਸ੍ਰੀਰ ਨੂੰ ਹਰਿਆ ਭਰਿਆ ਕਰ ਦਿੰਦਾ ਹੈ। ਅੰਮ੍ਰਿਤ ਦੇ ਚੋਣ ਸਾਰ ਹੀ ਜੋਤਿ ਪ੍ਰਗਟ ਹੋ ਜਾਂਦੀ ਹੈ ਅਤੇ ਅਨਹਦ ਸ਼ਬਦ ਵੱਜਣ ਲੱਗ ਪੈਂਦਾ ਹੈ। ਸਾਡੇ ਸ੍ਰੀਰ ਰੂਪੀ ਸੁੱਕੇ ਸੜੇ, ਬੀਮਾਰੀਆਂ ਨਾਲ ਕਸ਼ਟ ਭੋਗਦੇ ਖੇਤ ਨੂੰ ਅੰਮ੍ਰਿਤ-ਜਲ ਮਿਲ ਜਾਂਦਾ ਹੈ, ਅਤੇ ਜੋਤਿ ਦੇ ਪ੍ਰਗਟ ਹੋਣ ਨਾਲ ਹਨ੍ਹੇਰਾ ਦੂਰ ਹੋ ਜਾਂਦਾ ਹੈ। ਇਸ ਜੋਤਿ ਦਾ ਪ੍ਰਕਾਸ਼ ਇੰਨਾ ਪ੍ਰਬਲ ਹੁੰਦਾ ਹੈ ਕਿ ਕਰੋੜਾਂ ਸੂਰਜ ਵੀ ਇਸ ਦਾ ਮੁਕਾਬਲਾ ਨਹੀਂ ਕਰ ਸਕਦੇ। ਅਨਹਦ ਸ਼ਬਦ ਦਿਨ ਰਾਤ ਵੱਜਦਾ ਰਹਿੰਦਾ ਹੈ ਅਤੇ ਸ੍ਰੀਰ ਅੰਦਰ ਅਕਹਿ ਖੇੜਾ ਬਣਾਈ ਰੱਖਦਾ ਹੈ, ਬਸ ਜੀ—

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ (੬੯੫)

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੫੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾਂ | ੦-੫੦ |


www.AKJ.Org

# ਸਤਿਗੁਰੂ ਸਦਾ ਦਇਆਲੁ ਹੈ

ਮੇਰੇ ਸੁੰਦਰ ਸੁਆਮੀ ਕਲਗੀਧਰ ਪਾਤਸ਼ਾਹ ਦੀ ਅਨੰਦਪੁਰੀ ਵਿਚ ਅਨੰਦ ਮੰਗਲਾਚਾਰ ਦੇ ਕੁਲਾਹਲ ਹੁੰਦੇ ਰਹੇ। ਨਿਤ ਸਿੱਖ ਸੰਗਤਾਂ ਕਾਬਲ ਕੰਧਾਰ ਤਕ ਤੋਂ ਅਤੇ ਭਾਰਤ ਦੇ ਕੋਨੇ ਕੋਨੇ ਤੋਂ ਪੁਜ ਕੇ ਗੁਰੂ-ਦਰਬਾਰ ਵਿਚ ਪੁਜਦੀਆਂ, ਸਤਿਗੁਰੂ ਜੀ ਦੇ ਅਨੂਪਮ ਦਰਸ਼ਨ ਕਰ ਕੇ ਨਦਰਿ-ਨਿਹਾਲ ਹੁੰਦੀਆਂ ਅਤੇ ਨਾਮ-ਬਾਣੀ ਦੇ ਅਰਸ਼ੀ ਰੰਗ ਮਾਣਦੀਆਂ। ਗੁਰੂ ਦਰਬਾਰ ਵਿਚ ਨਿਤ ਚਹਿਲ ਪਹਿਲ ਬਣੀ ਰਹਿੰਦੀ, ਕਿਤੇ ਸੰਗਤਾਂ ਕੀਮਤੀ ਦੁਸ਼ਾਲੇ ਤੇ ਬਸਤਰ ਭੇਟ ਕਰਦੀਆਂ, ਕਿਤੇ ਘੋੜੇ ਤੇ ਸ਼ਸਤਰ ਹਾਜ਼ਰ ਕਰਦੀਆਂ, ਕਿਤੇ ਰਾਣੀਆਂ ਰਾਜੇ ਹਾਜ਼ਰ ਹੁੰਦੇ ਅਤੇ ਪ੍ਰਸਾਦੀ ਹਾਥੀ ਅਤੇ ਪੰਜ ਕਲਾ ਸ਼ਸਤਰ ਆਦਿ ਸਤਿਗੁਰੂ ਜੀ ਦੇ ਅਰਪਣ ਕਰਕੇ ਖੁਸ਼ੀਆਂ ਪ੍ਰਾਪਤ ਕਰ ਰਹੇ ਹੁੰਦੇ।

ਗੁਰੂ ਘਰ ਦੀ ਇਹ ਚੜ੍ਹਦੀ ਕਲਾ, ਗੁਰੂ-ਦਰਬਾਰ ਦਾ ਇਹ ਜਾਹੋ-ਜਲਾਲ, ਦਸਮੇਸ਼ ਪਿਤਾ ਦਾ ਅਨੂਪਮ ਕਲਗੀ ਸਜਾ ਕੇ ਹੀਰੇ ਮੋਤੀਆਂ ਜੜ੍ਹਤ ਸੁੰਦਰ ਸਿੰਘਾਸਨ ਤੇ ਸ਼ੋਭਾ ਦੇਣਾ ਮੁਗਲ ਸ਼ਹਿਨਸ਼ਾਹਾਂ ਦੇ ਤਾਜ-ਤਖ਼ਤ ਨੂੰ ਮਾਤ ਪਾ ਰਿਹਾ ਹੋਣਾ, ਇਹ ਸਭ ਕੁਝ ਗੁਰੂ ਘਰ ਦੇ ਦੋਖੀਆਂ, ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲ ਹਕੂਮਤ ਨੂੰ ਕੰਡੇ ਵਾਂਗ ਰੜਕਦਾ ਸੀ। ਗੁਰੂ ਪਾਤਸ਼ਾਹ ਦੀ ਦਿਨੋ ਦਿਨ ਵਧਦੀ ਸ਼ੋਭਾ ਉਹਨਾਂ ਲਈ ਇਸ ਲਈ ਦੁਖਦਾਈ ਹੋ ਰਹੀ ਸੀ ਕਿ ਆਮ ਜਨਤਾ ਉਨ੍ਹਾਂ ਦੇ ਅਸਰ-ਰਸੂਖ ਹੇਠੋਂ ਨਿਕਲ ਕੇ ਗੁਰੂ ਘਰ ਦੇ ਪ੍ਰਭਾਵ ਹੇਠ ਨਿੱਡਰ ਸੂਰਮਿਆਂ ਦਾ ਰੂਪ ਧਾਰਨ ਕਰੀ ਜਾਂਦੀ ਸੀ, ਜਿਸ ਨੂੰ ਉਹ ਆਪਣੀ ਹੇਠੀ ਸਮਝਦੇ ਸਨ।

ਇਸੇ ਹੇਠੀ ਅਤੇ ਈਰਖਾ-ਵਸ ਹੋ ਕੇ ਪਹਾੜੀ ਹਿੰਦੂ ਰਾਜੇ ਮੁਗਲ ਫੌਜਾਂ ਦੀ ਸਹਾਇਤਾ ਲੈ ਕੇ ਕਲਗੀਧਰ ਪਾਤਸ਼ਾਹ ਨਾਲ ਪਹਿਲਾਂ ਕਈ ਲੜਾਈਆਂ ਲੜ ਚੁਕੇ ਸਨ, ਪਰ ਹਰ ਵਾਰੀ ਮੂੰਹ ਦੀ ਖਾਣੀ ਪਈ ਸੀ। ਹੁਣ ਔਰੰਗਜ਼ੇਬ ਨੂੰ ਲੂਤੀਆਂ ਲਾ ਕੇ ਐਸਾ ਭਖਾਇਆ ਗਿਆ ਕਿ ਅਨੰਦਪੁਰ ਦੀ ਆਖ਼ਰੀ ਲੜਾਈ ਲਈ ਭਾਰੀ ਫੌਜਾਂ ਦਾ ਇਕੱਠ ਹੋਇਆ। ਲੱਖਾਂ ਦੀ ਗਿਣਤੀ ਵਿਚ ਦਿੱਲੀ, ਸਰਹੰਦ, ਲਾਹੌਰ ਅਤੇ ਕਸ਼ਮੀਰ ਦੀਆਂ ਸ਼ਾਹੀ ਫੌਜਾਂ ਪਹਾੜੀ ਰਾਜਿਆਂ ਦੇ ਨਾਲ ਸ਼ਾਮਲ ਹੋ ਕੇ ਅਨੰਦਪੁਰ ਸਾਹਿਬ ਤੇ ਟੁਟ ਕੇ ਆ ਪਈਆਂ।

ਦੂਰ-ਦਰਸ਼ੀ ਸਤਿਗੁਰੂ ਜੀ ਨੇ ਇਸ ਤੋਂ ਪਹਿਲਾਂ ਹੀ ਅਨੰਦਪੁਰ ਸਾਹਿਬ ਦੇ ਵਸਨੀਕਾਂ ਨੂੰ ਬਾਲ-ਪਰਵਾਰਾਂ ਸਮੇਤ ਅਨੰਦਪੁਰੀ ਤੋਂ ਬਾਹਰ ਭੇਜ ਦਿਤਾ ਸੀ। ਅਨੰਦਪੁਰੀ ਦੀਆਂ ਉਹ ਰੌਣਕਾਂ, ਸੰਗਤਾਂ ਦੀ ਆਵਾ-ਜਾਈ, ਗਲੀਆਂ ਬਾਜ਼ਾਰਾਂ ਵਿਚ ਹਰ ਪਾਸੇ ਚਹਿਲ ਪਹਿਲ ਦੇ ਜੋ ਨਜ਼ਾਰੇ ਸਨ, ਉਹ ਅਲੋਪ ਹੋ ਗਏ। ਹੁਣ ਕੇਵਲ ਸੀਸ ਤਲੀ ਤੇ ਰਖਣ ਵਾਲੇ ਸੂਰਮਿਆਂ ਦੇ ਜੋਸ਼-ਖਰੋਸ਼ ਹੀ ਸ੍ਰੀ ਅਨੰਦਪੁਰ ਦੇ ਦੁਆਲੇ ਕਿਲ੍ਹਿਆਂ ਵਿਚ ਠਾਠਾਂ ਮਾਰ ਰਹੇ ਸਨ। ਕਲਗੀਧਰ ਪਾਤਸ਼ਾਹ ਪਿਛਲੀ ਮਰਯਾਦਾ ਅਨੁਸਾਰ ਹੀ ਨਿਤ ਅੰਮ੍ਰਿਤ ਵੇਲੇ ਖਾਲਸੇ ਨੂੰ ਨਾਮ-ਬਾਣੀ ਨਾਲ ਜੋੜਦੇ, ਕੀਰਤਨ-ਦਰਬਾਰ ਸਜਾਂਦੇ ਅਤੇ ਇਲਾਹੀ ਰੰਗਾਂ ਦੇ ਜਾਮ ਪਿਲਾ ਪਿਲਾ, ਬੀਰ ਰਸ ਨਾਲ ਖਾਲਸੇ ਨੂੰ ਸੰਧੂਰਤ ਕਰ ਕੇ ਚੜ੍ਹਦੀ ਤੋਂ ਚੜ੍ਹਦੀ ਕਲਾ ਬਖਸ਼ਦੇ।

ਖਾਲਸਈ ਫੌਜਾਂ ਦੀ ਗਿਣਤੀ ਹਜ਼ਾਰਾਂ ਵਿਚ ਹੀ ਸੀ, ਜਦ ਕਿ ਦੁਸ਼ਟਾਂ ਦੋਖੀਆਂ ਅਤੇ ਵੈਰੀਆਂ ਦੀਆਂ ਫੌਜਾਂ ਦੀ ਗਿਣਤੀ ਲੱਖਾਂ ਵਿਚ ਸੀ। ਵੈਰੀ ਫੌਜਾਂ ਨੇ ਖਾਲਸੇ ਨੂੰ ਸਰ ਕਰਨ ਲਈ ਬਹੁਤ ਭਾਰੀ ਤਾਕਤ ਨਾਲ ਕਈ ਹਮਲੇ ਕੀਤੇ, ਪਰ ਹਰ ਵਾਰੀ ਆਪਣੇ ਨਾਮੀ ਸਰਦਾਰ ਮਰਵਾ ਕੇ ਅਤੇ ਆਪਣੀਆਂ ਫੌਜਾਂ ਦਾ ਘਾਣ ਕਰਵਾ ਮੂੰਹ ਦੀ ਖਾਂਦੇ ਮੁੜਦੇ ਰਹੇ। ਖਾਲਸੇ ਦੀ ਬਹਾਦਰੀ, ਸੂਰਮਗਤੀ ਰਣ-ਯੁਧ ਦੇ ਚਾਉ ਅਤੇ ਦਲੇਰੀ ਦੇ ਸਾਹਮਣੇ ਵੈਰੀ-ਦਲਾਂ ਦੀ ਕੋਈ ਪੇਸ਼ ਨਾ ਜਾਂਦੀ।

ਹਾਰ ਕੇ ਵੈਰੀ-ਦਲ ਨੇ ਅਨੰਦਪੁਰ ਸਾਹਿਬ ਦੇ ਚੁਗਿਰਦੇ ਪਿਛੇ-ਹਟਵਾਂ ਐਸਾ ਸਖ਼ਤ ਘੇਰਾ ਪਾ ਲਿਆ ਕਿ ਕਿਸੇ ਪਾਸਿਓਂ ਕੋਈ ਰਸਦ ਪਾਣੀ, ਘਾਹ-ਪੱਠਾ ਜਾਂ ਕਿਸੇ ਤਰ੍ਹਾਂ ਦੀ ਸਹਾਇਤਾ ਅੰਦਰ ਨਹੀਂ ਸੀ ਜਾ ਸਕਦੀ। ਇਹ ਘੇਰਾ ਮਈ ੧੭੦੪ ਤੋਂ ਦਸੰਬਰ ੧੭੦੪ ਤਕ ਕਈ ਮਹੀਨੇ ਪਿਆ ਰਿਹਾ। ਅਖੀਰ ਅੰਦਰਲੇ ਸੂਰਬੀਰ



www.AKJ.Org

ਸਿੱਖਾਂ ਨੂੰ ਖਾਣ-ਪੀਣ ਦੀ ਸਖ਼ਤ ਤੰਗੀ ਆ ਗਈ। ਇਸ ਦਸ਼ਾ ਵਿਚ ਅੰਦਰ ਘਿਰਿਆ ਖਾਲਸਾ ਕਲਗੀਧਰ ਪਾਤਸ਼ਾਹ ਦੀ ਸੁਚੱਜੀ ਅਗਵਾਈ ਵਿਚ ਚੜ੍ਹਦੀ ਕਲਾ ਵਿਚ ਵਿਚਰਦਾ ਰਿਹਾ। ਪਰ ਕੁਝ ਸਿੰਘ ਭੁੱਖ ਦੇ ਦੁੱਖ ਅਤੇ ਫ਼ਾਕਿਆਂ ਕਾਰਨ ਕਮਜ਼ੋਰੀ ਵਿਚ ਆ ਗਏ। ਉਹ ਐਸੇ ਘਬਰਾਏ ਕਿ ਗੁਰੂ ਪਾਤਸ਼ਾਹ ਵਲੋਂ ਬਖਸ਼ੀ ਗੁਰਸਿੱਖੀ ਤੋਂ ਡੋਲ ਗਏ, ਉਹ ਸੱਚੇ ਪਾਤਸ਼ਾਹ ਤੋਂ ਮੂੰਹ ਫੇਰ ਚਲੇ। ਉਹਨਾਂ ਨੇ ਅਨੰਦਪੁਰ ਸਾਹਿਬ ਛੱਡ ਕੇ ਘਰ ਪਰਤ ਜਾਂਣ ਦਾ ਆਪਣਾ ਫ਼ੈਸਲਾ ਗੁਰੂ ਪਾਤਸ਼ਾਹ ਨੂੰ ਸੁਣਾ ਦਿਤਾ। ਦਸਮੇਸ਼ ਜੀ ਨੇ ਪਿਆਰ ਕੀਤਾ, ਸਮਝਾਇਆ, ਪਰ ਉਹਨਾਂ ਦੀ ਮਤ ਤੇ ਐਸਾ ਪਰਦਾ ਪਿਆ ਕਿ ਉਹ ਆਪਣੀ ਜ਼ਿਦ ਤੇ ਅੜੇ ਰਹੇ। ਤਾਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਲਿਖ ਕੇ ਦੇ ਜਾਓ : "ਅਸੀਂ ਤੁਹਾਡੇ ਸ਼ਿਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ।"

ਇਨ੍ਹਾਂ ਚਾਲੀ ਸਿੱਖਾਂ ਨੇ ਉਪਰੋਕਤ 'ਬੇਦਾਵਾ' ਗੁਰੂ ਜੀ ਨੂੰ ਲਿਖ ਦਿਤਾ ਅਤੇ ਗੁਰੂ ਤੋਂ ਬੇਮੁਖ ਹੋ ਕੇ ਘਰਾਂ ਨੂੰ ਪਰਤ ਪਏ। ਜੋ ਸਤਿਗੁਰੂ ਤੋਂ ਮੂੰਹ ਫੇਰ ਜਾਣ, ਉਹਨਾਂ ਦਾ ਠਿਕਾਣਾ ਕਿਤੇ ਨਹੀਂ ਹੋ ਸਕਦਾ, ਉਨ੍ਹਾਂ ਨੂੰ ਕੋਈ ਝਲ ਨਹੀਂ ਸਕਦਾ, ਉਹਨਾਂ ਦਾ ਦੀਨ ਦੁਨੀਆ ਵਿਚ ਮੂੰਹ ਕਾਲਾ ਹੁੰਦਾ ਹੈ, ਉਹ ਦੁਖੀ ਹੋ ਕੇ ਜੰਮਦੇ ਮਰਦੇ ਤੇ ਜੂਨਾਂ ਵਿਚ ਭਟਕਦੇ ਫਿਰਦੇ ਹਨ। ਗੁਰਵਾਕ ਹਨ :

ੳ) ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥੭॥

[ ਗਉੜੀ ਬੈ: ਮ: ੩, ਪੰਨਾ ੨੩੩

ਅ) ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥੪੨॥

[ ਸੂਹੀ ਰਾਗੁ ਮ: ੩, ਪੰਨਾ ੩੦

ੲ) ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥
ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥੧॥੭॥

[ਸਲੋਕੁ ਮ: ੩, ਵਾਰ ਸੋਰਠ, ਪੰਨਾ ੬੪੫

ਸ) ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
ਜਿਉ ਛੁਟੜਿ ਘਰਿ ਘਰਿ ਫਿਰੈ ਦੁਹਾਗਣਿ ਬਦਨਾਉ ॥੨॥੭॥ [ਪੰਨਾ ੬੪੫

ਛੁਟੜ ਰੰਨ, ਪਤੀ ਵਲੋਂ ਤਿਆਗੀ ਹੋਈ ਇਸਤ੍ਰੀ ਵਾਂਗ ਗੁਰੂ ਤੋਂ ਬੇਮੁਖ ਪੁਰਸ਼ਾਂ ਨੂੰ ਕਿਤੇ ਠਿਕਾਣਾ ਨਹੀਂ ਮਿਲਦਾ। ਉਹ ਦੁਹਾਗਣ ਔਰਤਾਂ ਵਾਂਗ ਘਰ ਘਰ ਭਟਕਦੇ ਫਿਰਦੇ ਹਨ। ਗੁਰੂ ਤੋਂ ਬੇਮੁਖ ਹੋਏ, ਗੁਰੂ ਤੋਂ ਮੂੰਹ ਮੋੜ ਆਏ ਇਹ ਚਾਲੀ ਸਿੱਖ ਜਦ ਆਪਣੇ ਘਰਾਂ ਨੂੰ ਪਰਤੇ ਅਤੇ ਆਪਣੀਆਂ ਘਰ-ਵਾਲੀਆਂ ਤੇ ਪਰਵਾਰ ਦੇ ਜੀਆਂ ਨੂੰ ਆਪਣੀ ਵਿਥਿਆ ਸੁਣਾਈ ਤਾਂ ਉਹਨਾਂ ਨੂੰ ਪਤਾ ਲਗਾ ਕਿ ਇਹ ਤਾਂ ਗੁਰੂ ਤੋਂ ਬੇਮੁਖ ਹੋ ਕੇ ਮੁੜੇ ਹਨ ਤਾਂ ਇਨ੍ਹਾਂ ਬੇਦਾਵੀਆਂ ਦੀ ਬੜੀ ਲਾਅਨਤ ਮੁਲਾਮਤ ਹੋਈ ਅਤੇ ਫਿਟਕਾਰਾਂ ਪਈਆਂ ਕਿ ਜਿਸ ਸੱਚੇ ਗੁਰੂ ਨੇ ਤੁਹਾਡਾ ਲੋਕ ਪਰਲੋਕ ਦਾ ਸਹਾਰਾ ਬਣਨਾ ਸੀ, ਉਸ ਨੂੰ ਤੁਸੀਂ ਪਿੱਠ ਦੇ ਆਏ ਹੋ। ਹੁਣ ਤੁਹਾਡਾ ਛੁਟਕਾਰਾ ਕਿਥੇ ਹੋਏਗਾ ? ਓਇ ਬੇਮੁਖੋ, ਇਸ ਸਰੀਰ ਦੇ ਮੋਹ ਵਿਚ ਫਸ ਕੇ ਗੁਰੂ ਨੂੰ ਬੇਦਾਵਾ ਦੇ ਆਏ ਹੋ ! ਤੁਹਾਡੇ ਇਹ ਸਰੀਰ ਕਿੰਨਾ ਚਿਰ ਕਾਇਮ ਰਹਿਣਗੇ ? ਇਨ੍ਹਾਂ ਨੇ ਜ਼ਰੂਰ ਬਿਨਸ ਜਾਣਾ ਹੈ। ਫਿਰ ਕਾਹਦੇ ਲਈ ਇਹ ਮੰਦੀ ਕਰਤੂਤ ਕਰ ਆਏ ਓ ? ਓਇ ਭੁਲੜੋ, ਅਜੇ ਸੰਭਲੋ, ਮੁੜੋ, ਸਤਿਗੁਰੂ ਦੀ ਸ਼ਰਨੀ ਜਾ ਪਵੋ। ਉਹ ਬਖਸ਼ਿੰਦ ਹੈ, ਉਹ ਸ਼ਰਨੀ-ਪਿਆਂ ਨੂੰ ਬਖਸ਼ ਦਿੰਦਾ ਹੈ।

ਬੇਮੁਖ ਹੋ ਆਏ ਸਿੱਖਾਂ ਦੀ ਇਸ ਝਾੜ-ਝਪਾੜ ਨਾਲ ਹੋਸ਼ ਪਰਤ ਆਈ ਅਤੇ ਉਹਨਾਂ ਨੂੰ ਇਹ ਸਰੀਰ ਰੂਪੀ ਠੀਕਰੇ ਬਿਨਸਣ ਵਾਲੇ ਨਜ਼ਰੀਂ ਆ ਪਏ। ਉਹ ਪ੍ਰਾਸਚਿਤ ਕਰਨ ਲਈ ਮੁੜ ਪਏ। ਪਤਾ ਲਗਾ ਕਿ ਗੁਰੂ ਜੀ


www.AKJ.Org

ਖਿਦਰਾਣੇ ਦੀ ਢਾਬ ਵਲ ਆ ਰਹੇ ਹਨ ਅਤੇ ਮੁਗ਼ਲ ਫੌਜਾਂ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਹਨ। ਇਹ ਚਾਲੀ ਦੇ ਚਾਲੀ ਸਿੰਘ ਮਾਈ ਭਾਗੋ ਜੀ ਦੀ ਅਗਵਾਈ ਵਿਚ ਖਿਦਰਾਣੇ ਦੀ ਢਾਬ 'ਤੇ ਅਪੜੇ ਅਤੇ ਸਾਰੇ ਸਿੰਘ ਵੈਰੀ-ਫੌਜਾਂ ਨਾਲ ਸੂਰਬੀਰਤਾ ਨਾਲ ਜੁਧ ਕਰਦੇ ਹੋਏ ਸ਼ਹੀਦੀਆਂ ਪਾ ਗਏ। ਇਉਂ ਹਰੇਕ ਸਿਖ ਕੀਤੀ ਭੁਲ ਦਾ ਪ੍ਰਾਸਚਿਤ ਕਰਕੇ ਗੁਰੂ-ਚਰਨਾਂ ਤੋਂ ਆਪਣਾ ਸੀਸ ਵਾਰਨੇ ਕਰ ਗਿਆ। ਦਇਆਲੂ ਸਤਿਗੁਰੂ ਜੀ ਉੱਚੀ ਟਿੱਬੀ ਤੋਂ ਵੈਰੀ ਦਲ ਤੇ ਤੀਰਾਂ ਦੀ ਵਰਖਾ ਕਰਦੇ ਹੋਏ ਇਹਨਾਂ ਸਿੰਘਾਂ ਦੀ ਸੂਰਬੀਰਤਾ ਦੇ ਜੌਹਰ ਦੇਖ ਰਹੇ ਸਨ। ਵੈਰੀ ਦਲ ਵੀ ਮੂੰਹ ਦੀ ਖਾ ਕੇ ਅਤੇ ਪਾਣੀ ਨਾ ਮਿਲਣ ਕਰਕੇ ਮੋੜਾ ਪਾ ਗਿਆ ਸੀ, ਸਿੰਘ ਵੀ ਸ਼ਹੀਦੀਆਂ ਪਾ ਗਏ ਸਨ। ਸਤਿਗੁਰੂ ਜੀ ਟਿੱਬੀ ਤੋਂ ਉਤਰੇ, ਸਿੰਘਾਂ ਦੇ ਸੀਸ ਝੋਲੀ ਵਿਚ ਰਖ ਰਖ ਕੇ ਪਿਆਰ ਦਿਤੇ। ਅਖੀਰ ਤੇ ਭਾਈ ਮਹਾਂ ਸਿੰਘ ਦੇ ਲਾਗੇ ਪੁਜੇ। ਉਸ ਦੇ ਸੁਆਸ ਅਜੇ ਬਾਕੀ ਸਨ। ਸਤਿਗੁਰੂ ਨੇ ਸੀਸ ਝੋਲੀ ਵਿਚ ਲਿਆ, ਪਿਆਰ ਕੀਤਾ ਅਤੇ ਪ੍ਰਸੰਨ ਹੋ ਕੇ ਫੁਰਮਾਇਆ, ਭਾਈ ਮਹਾਂ ਸਿੰਘ ਜੀ, ਕੋਈ ਇੱਛਾ ਹੈ ? ਕੁਝ ਮੰਗਣਾ ਚਾਹੁੰਦਾ ਹੈਂ ? ਅਸੀਂ ਬੜੇ ਪ੍ਰਸੰਨ ਹੋਏ ਹਾਂ, ਮੰਗ, ਜੋ ਚਾਹੁੰਦਾ ਹੈਂ। ਸ਼ਰਮ ਨਾਲ ਅੱਖਾਂ ਨੀਵੀਂ ਕਰੀ ਬੋਲਿਆ, ਪਾਤਸ਼ਾਹ ! ਜੇ ਤੁਠੇ ਹੋ ਤਾਂ ਸਾਡਾ ਲਿਖਿਆ ਬੇਦਾਵਾ ਪਾੜ ਦਿਓ, ਸਾਨੂੰ ਟੁਟਿਆਂ ਹੋਇਆਂ ਨੂੰ ਗੰਢ ਲਵੋ। ਸਤਿਗੁਰੂ ਜੀ ਨੇ ਕਮਰਕਸੇ ਵਿਚ ਸਾਂਭ ਰਖੇ ਬੇਦਾਵੇ ਨੂੰ ਕਢਿਆ ਅਤੇ ਫਾੜ ਕੇ ਉਸ ਦੀਆਂ ਫੀਤੀਆਂ ਹਵਾ ਵਿਚ ਉਡਾ ਦਿਤੀਆਂ। ਭਾਈ ਮਹਾਂ ਸਿੰਘ ਸ਼ੁਕਰਾਨੇ ਵਿਚ ਭਰ ਗਿਆ ਅਤੇ ਖੁਸ਼ੀ ਵਿਚ ਹੰਝੂ ਕੇਰਦਾ ਗੁਰੂ ਜੀ ਦੀ ਗੋਦੀ ਵਿਚ ਹੀ ਪ੍ਰਾਣ ਤਿਆਗ ਗਿਆ।

ਮਿਹਰਵਾਨ ਸਤਿਗੁਰੂ ਨੇ ਇਹਨਾਂ ਵਿਛੜਿਆਂ ਨੂੰ ਐਸਾ ਆਪਣੇ ਨਾਲ ਮਿਲਾਇਆ ਕਿ ਉਹਨਾਂ ਨੂੰ ਸਦਾ ਲਈ ਅਮਰ ਕਰ ਦਿਤਾ। ਉਹਨਾਂ ਦੀ ਯਾਦ ਵਿਚ ਉਸ ਅਸਥਾਨ ਤੇ ਢਾਬ ਦਾ ਨਾਂ 'ਮੁਕਤਸਰ' ਹੋ ਗਿਆ ਅਤੇ ਅਜ ਨਿਤ ਅਰਦਾਸ ਵਿਚ ਗੁਰਸਿਖ ਸੰਗਤਾਂ ਇਹਨਾਂ ਚਾਲੀ ਮੁਕਤਿਆਂ ਨੂੰ ਯਾਦ ਕਰਕੇ ਸਤਿਕਾਰ ਕਰਦੀਆਂ ਹਨ।

ਇਉਂ ਗੁਰੂ ਨੂੰ 'ਬੇਦਾਵਾ' ਦੇ ਆਏ ਸਿਖ ਆਪਣੀ ਭੁਲ ਬਖਸ਼ਾਉਣ ਬਦਲੇ, ਆਪਣੇ ਸੀਸ ਗੁਰੂ ਦੀ ਭੇਟ ਕਰ ਕੇ ਬੇਮੁਖਤਾ ਦਾ ਦਾਗ਼ ਮਿਟਾ ਗਏ, ਉਹ ਸੁਰਖਰੂ ਹੋ ਗਏ, ਸੱਚੀ ਦਰਗਾਹੇ ਪਰਵਾਨ ਪੈ ਗਏ। ਪਰ ਇਹ ਗੱਲ ਨਿਸਚੇ ਜਾਣੋ ਕਿ ਜੋ ਵੀ ਗੁਰੂ ਤੋਂ ਬੇਮੁਖ ਹੁੰਦਾ ਹੈ, ਉਹ ਮੁੜ ਭੁਲ ਬਖਸ਼ਾ ਕੇ, ਗੁਰੂ ਦੀ ਚਰਨੀ ਲਗ ਕੇ ਹੀ ਗੁਰੂ ਪਾਤਸ਼ਾਹ ਦਾ ਬਣ ਸਕਦਾ ਹੈ, ਐਵੇਂ ਨਹੀਂ।

ਢੁੱਚਰਾਂ ਡਾਹੁਣ ਵਾਲੇ ਤੇ ਕਿੰਤੂ ਪ੍ਰੰਤੂ ਕਰਨ ਵਾਲੇ ਕਈ ਤਰ੍ਹਾਂ ਦੇ ਢੁੱਚਰ ਕਰਦੇ ਫਿਰਦੇ ਹਨ, ਜਿਨ੍ਹਾਂ ਬਾਰੇ ਭਾ: ਸਾ: ਰਣਧੀਰ ਸਿੰਘ ਜੀ ਲਿਖਦੇ ਹਨ :

> "ਗੁਰਮਤਿ ਅਸੂਲਾਂ ਉਤੇ ਮਨ ਦੀ ਮਤਸਰ ਦੁਆਰਾ ਛਾਣ-ਬੀਣ ਕਰਨਾ ਇਹ ਗੁਰਮਤਿ ਅਸੂਲਾਂ ਦੀ ਵਿਰੋਧਤਾ ਹੈ, ਅਤੇ ਗੁਰਮਤਿ ਤੋਂ ਬਾਗ਼ੀ ਹੋਣ ਵਾਲੀ ਗੱਲ ਹੈ। ਗੁਰਮਤਿ ਅਸੂਲਾਂ ਨੂੰ ਗੁਰਬਾਣੀ ਦੀ ਰੌਸ਼ਨੀ ਅਨੁਸਾਰ ਹੀ ਵਿਚਾਰਿਆ ਜਾਵੇ ਤਾਂ ਗੁਣਕਾਰੀ ਹੁੰਦਾ ਹੈ, ਨਹੀਂ ਤਾਂ ਪੱਲੇ ਕੁਝ ਨਹੀਂ ਪੈਂਦਾ, ਸਗੋਂ ਅਗਲੀ ਖੇਡ ਵੀ ਗਵਾ ਲਈਦੀ ਹੈ।" ["ਗੁਰਮਤਿ ਵਿਚਾਰ", ਪੰਨਾ ੮੯

ਇਕ ਸੱਜਣ ਗੁਰਦਾਸਪੁਰ ਤੋਂ ਇਹੋ ਜਿਹੀ ਹੀ ਮਨਮਤ ਦੇ ਵਸ ਹੋ ਕੇ ਪੁਛਦੇ ਹਨ :

> "ਜਦੋਂ ਕੋਈ ਅੰਮ੍ਰਿਤ ਛਕ ਕੇ ਕੁਰਹਿਤ ਕਰ ਬੈਠਦਾ ਹੈ ਤਾਂ ਉਸ ਨੂੰ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ, ਭਾਵ, ਅੰਮ੍ਰਿਤ ਛਕ ਕੇ ਦੁਬਾਰਾ ਗੁਰੂ ਧਾਰਨਾ ਪੈਂਦਾ ਹੈ। ਦੋ ਵਾਰ ਜਾਂ ਤਿੰਨ ਵਾਰ ਗੁਰੂ ਕਿਉਂ ਧਾਰਨਾ ਪੈਂਦਾ ਹੈ ? ਕੀ ਕੁਰਹਿਤ ਕਰਨ ਵਾਲੇ ਲਈ ਗੁਰੂ ਗੁਰੂ ਨਹੀਂ ਰਹਿੰਦਾ ? ਜੇਕਰ ਗੁਰੂ ਗੁਰੂ ਰਹਿੰਦਾ ਹੈ ਤਾਂ ਫਿਰ ਦੁਬਾਰਾ ਗੁਰੂ ਧਾਰਨ ਕਿਉਂ ਕਰਨਾ ਪੈਂਦਾ ਹੈ ?"

ਜਦੋਂ ਕੋਈ ਸਿੱਖ ਅੰਮ੍ਰਿਤ ਛਕਣ ਪਿਛੋਂ ਕੁਰਹਿਤ ਕਰਦਾ ਹੈ ਤਾਂ ਉਹ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਹ ਗੁਰੂ ਤੋਂ ਮੂੰਹ ਫੇਰ ਜਾਂਦਾ ਹੈ। ਸਤਿਗੁਰੂ ਦੀ ਸਖ਼ਤ ਤਾੜਨਾ ਦੇ ਬਾਵਜੂਦ ਉਹ ਵਿਵਰਜਤ ਪਤਿਤ ਕਰਮ ਕਰਦਾ ਹੈ ਤਾਂ ਉਹ ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਦਾ ਹੈ। ਉਹ ਗੁਰਮੁਖ ਸਿਖ ਨਹੀਂ ਰਹਿੰਦਾ, ਸਗੋਂ ਉਹ ਮਨਮੁਖ ਹੋ ਜਾਂਦਾ ਹੈ। ਗੁਰਵਾਕ ਹੈ—


www.AKJ.Org

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥੧॥੬॥ ਸੋਰਠਿ ਮ: ੩, ਪੰਨਾ ੬੦੧-੦੨

ਐਸਾ ਪਾਪ ਕਮਾਣ ਵਾਲਾ ਗੁਰਸਿਖੀ ਤੋਂ ਖ਼ਾਰਜ ਹੋ ਜਾਂਦਾ ਹੈ। ਜਦੋਂ ਉਹ ਗੁਰੂ ਦੀ ਹੁਕਮ-ਅਦੂਲੀ ਕਰਦਾ ਹੈ ਅਤੇ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ ਤਾਂ ਉਸ ਲਈ 'ਗੁਰੂ' ਕਿਵੇਂ ਗੁਰੂ ਰਹਿ ਜਾਂਦਾ ਹੈ? ਉਹ ਤਾਂ ਵਿਕਾਰ-ਗ੍ਰਸਤ ਹੋਇਆ ਗੁਰੂ ਨੂੰ ਛਡ ਜਾਂਦਾ ਹੈ। ਜੇ ਉਹ ਗੁਰੂ ਨੂੰ ਗੁਰੂ ਸਮਝਦਾ ਹੋਵੇ ਤਾਂ ਉਹ ਗੁਰੂ ਦੇ ਤਾੜਨਾ ਕਰਨ ਦੇ ਬਾਵਜੂਦ ਪਾਪ-ਕਰਮ ਕਿਉਂ ਕਮਾਵੇ? ਐਸੇ ਪਾਪੀ ਲਈ ਉਹ 'ਗੁਰੂ' ਗੁਰੂ ਨਹੀਂ ਰਹਿੰਦਾ, ਕ੍ਰਿਉਂਕਿ ਉਹ ਮੰਦ-ਕਰਮੀ ਗੁਰੂ ਨੂੰ ਤਿਆਗ ਜਾਂਦਾ ਹੈ।

ਗੁਰੂ ਤਾਂ ਸਦਾ ਹੀ ਸੱਚਾ ਗੁਰੂ ਹੈ, ਉਹ ਸਦਾ ਦਇਆਵਾਨ ਹੈ। ਜੇ ਕੋਈ ਭੁਲ ਮੰਨ ਕੇ ਮੁੜ ਗੁਰੂ ਦੀ ਸ਼ਰਨੀ ਆ ਪੈਂਦਾ ਹੈ ਤਾਂ ਸਤਿਗੁਰੂ ਆਪਣਾ ਬਿਰਦ ਪਾਲਦਾ ਹੈ ਅਤੇ ਭੁਲਿਆਂ ਨੂੰ ਬਖਸ਼ ਦੇਂਦਾ ਹੈ। ਫ਼ੁਰਮਾਨ ਹੈ—

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥
ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥
ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥

[ਸਲੋਕ ਮ: ੪, ਵਾਰ ਗਉੜੀ, ਪੰਨਾ ੩੦੪

ਅਤੇ—ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥੧॥੭॥ (ਪੰਨਾ ੩੦੨)

ਸਤਿਗੁਰੂ ਸਦਾ ਮਿਹਰਵਾਨ ਹਨ, ਉਨ੍ਹਾਂ ਲਈ ਸਾਰੇ ਹੀ ਇਕ-ਸਮਾਨ ਹਨ, ਉਹ ਸਭਸ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦੇ ਹਨ, ਪਰ ਸਤਿਗੁਰੂ ਪ੍ਰਤੀ ਜਿਹੋ ਜਿਹੀ ਕੋਈ ਭਾਵਨਾ ਧਾਰਦਾ ਹੈ ਓਹੋ ਜਿਹਾ ਹੀ ਫਲ ਉਸਨੂੰ ਪ੍ਰਾਪਤ ਹੁੰਦਾ ਹੈ। ਜੇ ਕੋਈ ਵਿਕਾਰੀ ਪੁਰਸ਼ ਮੰਦ-ਕਰਮਾਂ ਕਰਕੇ ਗੁਰੂ ਨੂੰ ਤਿਆਗ ਜਾਂਦਾ ਹੈ ਤਾਂ ਉਸ ਦਾ ਰਿਸ਼ਤਾ ਗੁਰੂ ਨਾਲੋਂ ਟੁਟ ਜਾਂਦਾ ਹੈ, ਉਹ 'ਗੁਰੂ ਦਾ' ਨਹੀਂ ਰਹਿੰਦਾ। ਉਹ 'ਗੁਰੂ ਦਾ' ਤਾਂ ਹੀ ਹੋ ਸਕਦਾ ਹੈ ਜੇ ਉਸ ਅੰਦਰ ਪਛਤਾਵਾ ਆਵੇ, ਉਹ ਆਪਣੀ ਭੁਲ ਦੀ ਸਜ਼ਾ ਭੁਗਤਣ ਨੂੰ ਤਿਆਰ ਹੋਵੇ ਅਤੇ ਮੁੜ ਗੁਰੂ ਦੀ ਸ਼ਰਨ ਆ ਕੇ ਗੁਰੂ ਵਾਲਾ ਬਣੇ। ਸਤਿਗੁਰੂ ਸਿਖ ਦੇ ਬੰਧਨ ਓਦੋਂ ਕਟਦਾ ਹੈ ਜਦੋਂ ਸਿਖ ਵਿਕਾਰ ਕਰਨੇ ਛਡ ਦੇਵੇ—

ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥੧॥੧੮॥ (ਸੁਖਮਨੀ ਸਾਹਿਬ)

ਇਉਂ ਭੁਲ ਬਖਸ਼ਾ ਕੇ ਮੁੜ ਗੁਰੂ ਚਰਨੀ ਲਗ ਕੇ, ਗੁਰੂ ਵਾਲਾ ਬਣ ਕੇ ਹੀ ਵਾਹਿਗੁਰੂ ਨੂੰ ਰੀਝਾ ਸਕਦਾ ਹੈ। ਗੁਰੂ ਫ਼ੁਰਮਾਨ ਹੈ—

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਇ ॥
ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਇ ॥੪॥੧॥ [ਵਡਹੰਸੁ ਮ: ੩, ਪੰਨਾ ੫੮੩

ਭਾ: ਸਾ: ਭਾਈ ਰਣਧੀਰ ਸਿੰਘ ਜੀ 'ਅੰਮ੍ਰਿਤ ਕਲਾ' ਟ੍ਰੈਕਟ ਵਿਚ ਨਿਰਣਾ ਕਰਦੇ ਹਨ—

"ਪਤਿਤ ਹੋਇਆ ਪ੍ਰਾਣੀ ਪਤਿਤ ਦਸ਼ਾ ਤੋਂ ਉਭਰ ਕੇ ਗੁਰਮੁਖ ਬਣ ਜਾਵੇ ਤਾਂ ਹੀ ਉਹ ਬਹੁੜ ਨਾਮ ਧਿਆਵਣ ਵਾਲੀ ਸੁਰਤਿ ਬਿਰਤਿ ਨੂੰ ਸੰਭਾਲ ਸਕਦਾ ਹੈ ਅਤੇ ਇਤ ਬਿਧਿ ਹੀ ਉਸ ਦਾ ਨਿਸਤਾਰਾ ਫੇਰ ਹੋ ਸਕਦਾ ਹੈ। ਗੁਰਮੁਖ ਗੁਰੂ ਕਾ ਸਿਖ ਉਹ ਤਦੇ ਬਣ ਸਕਦਾ ਹੈ ਜੇ ਫੇਰ ਉਹ ਅੰਮ੍ਰਿਤ ਛਕੇ, ਗੁਰੂ ਦੁਆਰੇ ਹੋਇ ਕੇ ਨਾਮ-ਕਮਾਈ ਵਾਲੇ ਪੰਜਾਂ ਗੁਰਮੁਖ ਪਿਆਰਿਆਂ ਤੋਂ ਅੰਮ੍ਰਿਤ ਛਕੇ।"

["ਗੁਰਮਤਿ ਵਿਚਾਰ", ਪੰਨਾ ੮੫

ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਆਗਿਆਕਾਰੀ ਪਿਆਰੇ ਸਿਖ ਜੋਗਾ ਸਿੰਘ ਦੀ ਰਾਖੀ ਲਈ ਸਾਰੀ ਰਾਤ ਵੇਸਵਾ ਦੇ ਦਰ ਤੇ ਪਹਿਰਾ ਦਿਤਾ ਅਤੇ ਉਸ ਨੂੰ ਪਤਿਤ ਕਰਮ ਕਰਨ ਤੋਂ ਬਚਾਅ ਲਿਆ। ਜੇ ਉਹ ਪਤਿਤ ਕਰਮ ਕਰ ਬੈਠਦਾ ਤਾਂ ਉਹ 'ਗੁਰੂ ਜੋਗਾ' ਨਾ ਰਹਿੰਦਾ ਅਤੇ ਗੁਰੂ-ਦਰਬਾਰ ਵਿਚ ਉਸ ਲਈ ਕੋਈ ਥਾਂ ਨਾ ਰਹਿੰਦੀ।


www.AKJ.Org

# ਮਨਮੁਖਿ ਅਤੇ ਮਨਿ ਮੁਖਿ

[ਸ: ਮਾਲਿਕ ਸਿੰਘ ਜੀ, ਕੈਮਿਸਟ, ਇਨਚਾਰਜ ਮਿਲਕ ਪਲਾਂਟ, ਮੁਹਾਲੀ]

ਗੁਰਬਾਣੀ ਵਿਚ ਲਗਾਂ ਮਾਤ੍ਰਾਂ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹਨਾਂ ਲਗਾਂ ਮਾਤ੍ਰਾਂ ਵਿਚ ਸ਼ਬਦਾਂ ਦੇ ਗੂਹਜ ਅਰਥ ਛਿਪੇ ਪਏ ਹਨ। ਉਦਾਹਰਣ ਦੇ ਤੌਰ ਤੇ ਥੱਲੇ ਦਿਤੀ ਦੁਪੰਗਤੀ ਵਿਚ ਇਕੋ ਹੀ ਸ਼ਬਦ 'ਆਹਰ' ਤਿੰਨ ਵਾਰੀ ਵਰਤਿਆ ਗਿਆ ਹੈ ਤੇ ਹਰ ਵਾਰੀ ਇਸ ਦਾ ਅਰਥ ਅੱਡ ਅੱਡ ਹੈ।

ਆਹਰ ਸਭਿ ਕਰਦਾ ਫਿਰੈ, ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨॥੧੮॥ (ਪੰਨਾ ੬੬੫)

ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ "ਲਗਾਂ ਮਾਤ੍ਰਾਂ ਦੀ ਵਿਲੱਖਣਤਾ" ਪੁਸਤਕ ਦੀ ਭੂਮਿਕਾ ਵਿਚ ਇਸ ਦੁਪੰਗਤੀ ਦੇ ਅਰਥਾਂ ਨੂੰ ਲਗ-ਮਾਤ੍ਰੀ ਨਿਯਮਾਂ ਅਨੁਸਾਰ ਸਪਸ਼ਟ ਕਰਦਿਆਂ ਦਸਿਆ ਹੈ ਕਿ ਇਸ ਦੁਪੰਗਤੀ ਵਿਚ 'ਆਹਰ' ਸ਼ਬਦ ਦੇ ਤਿੰਨ ਰੂਪ ਹਨ—(੧) ਆਹਰ, (੨) ਆਹਰੁ ਅਤੇ (੩) ਆਹਰਿ।

(੧) 'ਆਹਰ' ਸ਼ਬਦ ਵਿਚ ਆਖ਼ਰੀ ਅੱਖਰ 'ਰ' ਮੁਕਤਾ ਹੋਣ ਕਰਕੇ ਬਹੁ-ਵਚਨ ਦਾ ਸੂਚਕ ਹੈ ਅਤੇ ਇਸ ਦੇ ਅਰਥ ਹਨ ਦੁਨੀਆ ਦੇ ਕੰਮ ਕਾਰ, ਧੰਧੇ, ਕਾਰੋਬਾਰ।

(੨) 'ਆਹਰੁ-ਸ਼ਬਦ ਵਿਚ ਆਖ਼ਰੀ ਅੱਖਰ 'ਰੁ' ਔਂਕੜ ( ੁ ) ਸਹਿਤ ਹੋਣ ਕਰਕੇ ਇਕ-ਵਚਨ ਦਾ ਸੂਚਕ ਹੈ ਅਤੇ ਇਸ ਦੇ ਅਰਥ ਹਨ ਵਿਸ਼ੇਸ਼ ਆਹਰ, ਖ਼ਾਸ ਇਕੋ ਕਾਰਜ, ਨਾਮ ਜਪਣ ਦਾ ਮੁਖ ਕੰਮ।

(੩) 'ਆਹਰਿ' ਸ਼ਬਦ ਵਿਚ ਆਖ਼ਰੀ ਅੱਖਰ 'ਰਿ' ਸਿਹਾਰੀ ( ਿ ) ਸਹਿਤ ਹੋਣ ਕਰਕੇ ਇਹ 'ਕਰਣ ਕਾਰਕ' ਦਾ ਸੂਚਕ ਹੈ। ਇਸ ਦੇ ਅਰਥ ਹਨ ਜਿਸ ਆਹਰ ਰਾਹੀਂ, ਜਿਸ ਕੰਮ ਦੁਆਰਾ ਜਾਂ ਜਿਸ ਕੰਮ ਦੇ ਕਰਨ ਨਾਲ।

ਦੁਪੰਗਤੀ ਦੇ ਅਰਥ ਇਉਂ ਬਣੇ—

ਪ੍ਰਾਣੀ ਸਾਰੇ ਆਹਰ ਕਰਦਾ ਫਿਰਦਾ ਹੈ, ਪਰ ਉਸ ਪਾਸੋਂ ਇਕ ਨਾਮ ਜਪਣ ਦਾ ਆਹਰ ਨਹੀਂ ਹੁੰਦਾ। 'ਨਾਨਕ'! ਜਿਸ (ਨਾਮ ਜਪਣ ਦੇ) ਆਹਰ ਦੁਆਰਾ ਜਗਤ ਉਧਰਦਾ ਹੈ, ਉਸ ਨੂੰ ਕੋਈ ਵਿਰਲਾ ਬੁਝਦਾ ਹੈ।

**'ਮਨਮੁਖਿ' ਜੁੜਤ ਸ਼ਬਦ ਦਾ ਵਿਚਾਰ—**

ਇਹ ਇਕ ਜੁੜਤ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਆਪਣੇ ਮਨ ਮੁਤਾਬਿਕ ਚਲਣ ਵਾਲਾ, ਗੁਰੂ ਕੀ ਮਤਿ ਦੇ ਉਲਟ ਚਲਣ ਵਾਲਾ। ਇਹ ਮਨਮੁਖਿ, ਗੁਰਮੁਖਿ ਦੇ ਉਲਟ ਅਰਥਾਂ ਵਿਚ ਵਰਤਿਆ ਜਾਂਦਾ ਹੈ। ਅਰਥ ਸਪਸ਼ਟ ਕਰਨ ਲਈ ਕੁਝ ਪ੍ਰਮਾਣ ਇਸ ਤਰ੍ਹਾਂ ਹਨ—

੧) ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ (ਪੰਨਾ ੧੦੭੩)
੨) ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥੬॥੨੯॥ ((ਪੰਨਾ) ੪੨੬)
੩) ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੬॥੧੯॥ (ਪੰਨਾ ੨੧)
੪) ਦੇਖਾ ਦੇਖੀ ਸਭ ਕਰੇ ਮਨਮੁਖ ਬੂਝ ਨ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ। ੫॥੪॥੩੧॥ (ਪੰਨਾ ੨੮)
੫) ਮਨਮੁਖ ਹਾਰ ਗੁਰਮੁਖ ਸਦ ਜੀਤਿ ॥੪॥੧੬॥੧੮॥ (ਪੰਨਾ ੮੬੮)
੬) ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥੩॥੪੦॥ ((ਪੰਨਾ ੨੯)
੭) ਮਨਮੁਖ ਮੈਲੇ, ਮੈਲੇ ਮੁਏ, ਜਾਸਨਿ ਪਤਿ ਗਵਾਇ ॥੨॥੬੪॥ (ਪੰਨਾ ੩੯)
੮) ਮਨਮੁਖੁ ਸਦਾ ਬਗੁ ਮੈਲਾ, ਹਉਮੈ ਮਲੁ ਲਾਈ ॥੬॥੩੨॥ (ਪੰਨਾ ੧੨੮-੨੯)
੯) ਮਨਮੁਖੁ ਕਾਇਰੁ ਕਰੂਪੁ ਹੈ, ਬਿਨੁ ਨਾਵੈ ਨਕੁ ਨਾਹਿ ॥੧॥੧੩॥ (ਪੰਨਾ ੫੯੧)



www.AKJ.Org

੧੦) ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਇ ॥੪॥ (ਪੰਨਾ ੭੫੩)

'ਮਨਮੁਖ' ਸ਼ਬਦ ਗੁਰਬਾਣੀ ਵਿਚ ਤਿੰਨਾਂ ਰੂਪਾਂ ਵਿਚ ਹੀ ਮਿਲਦਾ ਹੈ–

ਮਨਮੁਖ ਅੰਤਲਾ ਅੱਖਰ 'ਖ' ਮੁਕਤਾ (ਬਹੁ ਵਚਨ)।

ਮਨਮੁਖੁ ਅੰਤਲਾ ਅੱਖਰ 'ਖੁ' ਔਕੜ ( ੁ ) ਨਾਲ (ਇਕ ਵਚਨ)।

ਮਨਮੁਖਿ ਅੰਤਲਾ ਅੱਖਰ 'ਖਿ' ਸਿਹਾਰੀ ( ਿ ) ਨਾਲ। 'ਮਨਮੁਖਿ' ਸਿਹਾਰੀ ਰੂਪ ਨਾਲ ਮਨਮੁਖੀ ਦੁਹਾਗਣੀਆਂ (ਪ੍ਰਭੂ ਤੋਂ ਵਿਛੜੇ ਹੋਏ ਪ੍ਰਾਣੀਆਂ) ਦਾ ਸੂਚਕ ਹੈ।

**ਮਨਿ ਮੁਖਿ ਦੋ ਵਖ ਵਖ ਸ਼ਬਦਾਂ ਦੀ ਵਿਚਾਰ–**

ਹੁਣ ਦੇਖੋ ਗੁਰਬਾਣੀ ਵਿਚ ਮਨਿ ਅਤੇ ਮੁਖਿ ਦੋ ਅੱਡ ਅੱਡ ਸ਼ਬਦਾਂ ਨਾਲ ਭੀ ਆਇਆ ਮਿਲਦਾ ਹੈ। ਐਸੇ ਸ਼ਬਦਾਂ ਵਿਚ ਮਨਿ ਅਤੇ ਮੁਖਿ ਦੋਨੋਂ ਸ਼ਬਦਾਂ ਦੇ ਅੱਡ ਅੱਡ ਅਰਥ ਹਨ, ਇਸ ਕਰਕੇ ਉਚਾਰਨ ਵੀ ਦੋਨੋਂ ਸ਼ਬਦਾਂ ਦਾ ਵੱਖ ਵੱਖ ਹੋਵੇਗਾ। ਦੋਨਾਂ ਹੀ ਸ਼ਬਦਾਂ ਵਿਚ ਸਿਹਾਰੀ 'ਨਾਲ' ਦੇ ਅਰਥ ਦੇਂਦੀ ਹੈ, ਤੇ ਇਸ ਦਾ ਅਰਥ ਬਣਦਾ ਹੈ **ਮਨਿ**–ਮਨ ਰਾਹੀਂ, ਮਨ ਦੁਆਰਾ, ਮਨ ਨਾਲ। ਇਸੇ ਤਰ੍ਹਾਂ **ਮੁਖਿ** ਦਾ ਅਰਥ ਬਣੇਗਾ–ਮੁਖ ਨਾਲ, ਮੁਖ ਦੁਆਰਾ ਜਾਂ ਮੁੱਖ ਰਾਹੀਂ। ਕੁਝ ਕੁ ਉਦਾਹਰਣ ਹੇਠ ਦਿੱਤੇ ਜਾ ਰਹੇ ਹਨ, ਜਿਨ੍ਹਾਂ ਵਿਚ ਮਨਿ ਅਤੇ ਮੁਖਿ ਅੱਡ ਅੱਡ ਕਰਕੇ ਆਇਆ ਹੈ।

੧) ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ ॥੧੩॥ (ਪੰਨਾ ੬੪੭)

੨) ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥੧॥ (ਪੰਨਾ ੪੮੮)

੩) ਮਨਿ ਸਾਚਾ ਮੁਖਿ ਸਾਚਉ ਭਾਇ ॥੯॥ (ਪੰਨਾ ੮੩੯)

੪) ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥੧॥੬॥ (ਪੰਨਾ ੪੫੬)

੫) ਮਨਿ ਤਨਿ ਮੁਖਿ ਬੋਲਹੁ ਹਰਿ ਮੁਖੀ ॥੩॥੧੪॥ (ਸੁਖਮਨੀ, ਪੰਨਾ ੨੮੧)

**ਗੁਰਬਾਣੀ ਵਿਚ ਅਨੇਕਾਂ ਥਾਈਂ 'ਮਨਿ' ਮੁਖਿ' ਸ਼ਬਦ ਨਾਲੋ ਨਾਲ ਇਕੱਠੇ ਆਏ ਹਨ। ਇਹ ਦੋ ਵਖ ਵਖ ਸ਼ਬਦ ਹਨ।**

ਇਹ 'ਮਨਮੁਖਿ' ਵਾਂਗ ਇਕ ਜੁੜਤ ਸ਼ਬਦ ਨਹੀਂ ਹਨ। ਇਸ ਕਰਕੇ ਇਨ੍ਹਾਂ ਨੂੰ ਵਖ ਵਖ 'ਮਨਿ' ਤੇ 'ਮੁਖਿ' ਉਚਾਰਨਾ ਹੈ। ਇਨ੍ਹਾਂ ਦੇ ਅਰਥ ਵੀ ਵਖ ਵਖ ਹਨ–'ਮਨ ਕਰਕੇ' ਅਤੇ 'ਮੁਖ ਕਰਕੇ'। ਪਰ 'ਮਨਮੁਖਿ' ਇਕ ਜੁੜਤ ਸ਼ਬਦ ਹੋਣ ਕਰਕੇ ਉਸ ਦਾ ਅਰਥ ਹੈ 'ਮਨ ਦੇ ਮਗਰ ਚਲਣ ਵਾਲਾ'। ਮਨਿ ਮੁਖਿ ਦੋਵੇਂ ਸ਼ਬਦ ਨਾਲੋ ਨਾਲ ਵਾਲੀਆਂ ਤੁਕਾਂ ਵਜੋਂ ਉਦਾਹਰਣ ਹੇਠਾਂ ਦਿਤੀਆਂ ਜਾਂਦੀਆਂ ਹਨ–

੧) ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥੧॥੧੮॥ (ਪੰਨਾ ੧੪੬)

੨) ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥ (ਪੰਨਾ ੧੦੨੩)

੩) ਮਨਿ ਮੁਖਿ ਕਬਹਿ ਨ ਉਸਤਤਿ ਕਰੈ। ੩॥੩੨॥ (ਪੰਨਾ ੮੯੩)

੪) ਓਹੁ ਬਿਧਾਤਾ ਮਨਿ ਮੁਖਿ ਸੋਇ ॥੯॥ (ਪੰਨਾ ੯੩੧)

੫) ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥੨॥੨੦॥ (ਪੰਨਾ ੧੨੮੭)

੬) ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥੧॥ (ਪੰਨਾ ੬੩੫)

੭) ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥੪॥ (ਪੰਨਾ ੫੫)

੮) ਮਿਥਨ ਮਨੋਰਥ ਸੁਪਨ ਆਨਦ ਉਲਾਸ ਮਨਿ ਮੁਖਿ ਸਤਿ ਕਹੈ ॥੨॥੧੪੨॥ (ਪੰਨਾ ੪੦੬)

੯) ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ (ਪੰਨਾ ੧੦੪੧)

੧੦) ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥


[ਬਾਕੀ ਦੇਖੋ ਸਫ਼ਾ ੩੧ ਹੇਠ]

www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਗੁਰੂ ਘਰ ਦੇ ਟਹਿਲੀਏ ਹੋਣ ਦੇ ਨਾਤੇ, ਗੁਰੂ ਨੇ ਬਖਸ਼ਸ਼ ਕੀਤੀ ਤੇ ਆਪਣੇ ਕੁਝ ਕੁ ਪਿਆਰਿਆਂ ਦੇ ਦਰਸ਼ਨ ਕਰਾਏ, ਉਹਨਾਂ ਦੇ ਜੀਵਨ ਵਿਚੋਂ ਕੁਝ ਐਸੀਆਂ ਯਾਦਾਂ ਹਨ, ਜੋ ਪਾਠਕਾਂ ਨਾਲ ਸਾਂਝੀਆਂ ਕਰਦਾ ਹਾਂ :—

ਦਾਸ ਗੁਰਸਿਖ ਘਰਾਣੇ ਦਾ ਜੰਮ-ਪਲ ਹੈ। ਦਸਵੀਂ ਜਮਾਤ ਵਿਚ ਅਪੜ ਕੇ ੧੯੪੫ ਵਿਚ ਅੰਮ੍ਰਿਤ ਪਾਨ ਕਰ ਲਿਆ। ਨਿਤਨੇਮ ਦੀਆਂ ਬਾਣੀਆਂ ਭੀ ਕੰਠ ਹੋ ਗਈਆਂ। ਫਿਰ ਇਕ ਐਸੀ ਹਵਾ ਵੱਗੀ, ਦੇਸ਼ ਦੀ ਵੰਡ ਨੇ ਸਿਖ ਸੰਗਤ ਤੋਂ ਵਿਛੋੜ ਕੇ ਨਾਨ-ਸਿਖ ਸੰਗਤ ਦੇ ਘੇਰੇ ਵਿਚ ਪਾ ਦਿੱਤਾ, ਜਿਥੇ ਕੁਝ ਸਨਾਤੰਨੀ ਵਿਚਾਰਧਾਰਾ, ਕੁਝ ਵੈਦਕ ਵਿਚਾਰਧਾਰਾ ਸੀ। ਮੇਰੀ ਮਤਿ ਅਜੇ ਕੱਚੀ ਸੀ, ਮੈਂ ਇਸ ਭੰਬਲ-ਭੂਸੇ ਵਿਚ ਇਕ ਆਜ਼ਾਦ-ਖ਼ਿਆਲੀ ਸਿੱਖ ਬਣ ਬੈਠਾ। ਰਹਿਤ ਰਹਿਣੀ ਮਿਲਗੋਭਾ ਜਿਹੀ ਬਣ ਗਈ। ਉਦੋਂ ਇਹ ਵਿਚਾਰ ਮੇਰੇ ਮਨ ਵਿਚ ਟਿੱਕ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ 'ਕੇਵਲ ਹਿੰਦੂਆਂ ਦੀ ਰਖਿਆ' ਕਰਨ ਲਈ ਸਾਜਿਆ ਸੀ। ਅੱਜ ਭੀ ਅਨੇਕਾਂ ਸਿੱਖ ਨੌਜਵਾਨ ਇਸ ਭੁਲੇਖੇ ਵਿਚ ਨਾਮ-ਮਾਤਰ ਸਿੱਖੀ ਸਰੂਪ ਧਾਰੀ ਬੈਠੇ ਹਨ। ਕੁਝ ਹਵਾ ਹੀ ਐਸੀ ਉਲਟ ਵੱਗ ਪਈ ਹੈ ਕਿ ਜਿਸ ਹਿੰਦੂ ਕੌਮ ਦੀ ਰਖਿਆ ਲਈ ਸਤਿਗੁਰੂ ਜੀ ਨੇ ਅਤੇ ਖਾਲਸੇ ਨੇ ਕੁਰਬਾਨੀਆਂ ਕੀਤੀਆਂ, ਉਹ ਕੌਮ ਹੁਣ ਖਾਲਸੇ ਨੂੰ ਅਤੇ ਉਸਦੇ ਕਲਚਰ ਨੂੰ ਖ਼ਤਮ ਕਰਨ ਤੇ ਤੁਲੀ ਪਈ ਹੈ। ਹਰ ਕੌਮ ਆਪਣੀ ਰਖਿਆ ਆਪ ਕਰਦੀ ਹੈ। ਉਤਰੀ ਭਾਰਤ ਵਿਚ ਹਿੰਦੂਆਂ ਦੇ ਮਨ ਵਿਚ ਇਹ ਧਾਰਣਾ ਬਣੀ ਹੋਈ ਹੈ ਕਿ ਖਾਲਸਾ ਹਿੰਦੂਆਂ ਦੀ ਰਖਿਆ ਲਈ ਸਾਜਿਆ ਗਿਆ।

ਖ਼ੈਰ, ਮਈ ੧੯੫੩ ਵਿਚ ਮੈਂ ਜੈਪੁਰ ਆ ਗਿਆ ਸਾਂ। ਇਥੇ ਇਕ ਐਤਵਾਰ ਕਥਾ ਕਰਦੇ ਹੋਏ ਸੋਢੀ ਹਜ਼ਾਰਾ ਸਿੰਘ ਜੀ (ਸਾਬਕਾ ਪ੍ਰਿੰਸੀਪਲ ਕੰਨਯਾ ਮਹਾਂ ਵਿਦਿਆਲਾ ਫ਼ਿਰੋਜ਼ਪੁਰ) ਦੇ ਦਰਸ਼ਨ ਹੋਏ। ਆਪ ਕਿਸੇ ਦੁਰਘਟਨਾ ਕਾਰਨ ਨੇਤਰਹੀਣ ਹੋ ਗਏ ਸਨ, ਪਰ ਅੰਦਰੋਂ ਗੁਰਮਤਿ ਦੀ ਸੋਝੀ ਬੜੀ ਸੀ। ਕਥਾ ਬੜੀ ਪ੍ਰਭਾਵ-ਸ਼ਾਲੀ ਕਰਦੇ ਸਨ। ਆਪ ਕੁਝ ਦਿਨਾਂ ਲਈ ਜੈਪੁਰ ਆਏ ਹੋਏ ਸਨ।

ਉਹਨਾਂ ਅੰਦਰ ਗੁਰਮਤਿ ਪ੍ਰਚਾਰ ਦੀ ਹੁੱਬ ਦਾ ਇਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ੭੦ ਸਾਲ ਦੀ ਉਮਰ ਵਿਚ ਨੇਤਰ-ਹੀਣ ਹੋਣ ਦੇ ਬਾਵਜੂਦ ਥਾਂ-ਪਰ-ਥਾਂ ਕਥਾ ਕਰਨ ਲਈ ਘਰੋਂ ਨਿਕਲ ਪਏ ਸਨ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਮੈਂ ਸੋਢੀ ਸਾਹਿਬ ਨੂੰ ਗੁਰਦਵਾਰਾ ਸਾਹਿਬ ਦੇ ਨੇੜੇ ਹੀ ਉਨ੍ਹਾਂ ਦੇ ਡੇਰੇ ਲੈ ਜਾ ਰਿਹਾ ਸੀ। ਮੇਰਾ ਚਿਤ ਕੀਤਾ, ਕੁਝ ਸਵਾਲ ਪੁਛਾਂ ਐਸੇ ਵਿਦਵਾਨ ਪਾਸੋਂ। ਆਖ਼ਰ ਹੌਸਲਾ ਕਰਕੇ ਪੁਛਿਆ—

"ਸੋਢੀ ਸਾਹਿਬ, ਮੈਂ ਗੁਰਮਤਿ-ਖੋਜੀ ਹੈ, ਪਰ ਮੈਨੂੰ ਅਜੇ ਲਭਾ ਕੁਝ ਨਹੀਂ।"

"ਹੈਂ ! ਤੂੰ ਇਕ ਵਾਰ ਫਿਰ ਕਹੁ ਖਾਂ", ਸੋਢੀ ਸਾਹਿਬ ਕਹਿਣ ਲਗੇ।

ਮੈਂ ਠਠੰਬਰ ਗਿਆ, ਦਰ-ਅਸਲ ਮੈਂ ਐਵੇਂ ਵਿਦਵਾਨ ਹੋਣ ਦੀ ਡੀਂਗ ਹੀ ਮਾਰੀ ਸੀ, "ਸੋਢੀ ਸਾਹਿਬ, ਸੱਚ ਤਾਂ ਇਹ ਹੈ ਕਿ ਮੈਨੂੰ ਗੁਰਮਤਿ ਦੀ ਘਟ ਹੀ ਵਾਕਫ਼ੀਅਤ ਹੈ।"

"ਫਿਰ ਜੇ ਤੂੰ ਖੋਜਿਆ ਹੀ ਨਹੀਂ ਤਾਂ ਲਭਣਾ ਕਿਥੋਂ ਸੀ ? ਇਥੇ ਤਾਂ ਖੁਲ੍ਹਾ ਐਲਾਨ ਹੈ—

ਜਿਨ ਗੁਰਮੁਖਿ ਖੋਜਿ ਢੰਢੋਲਿਆ, ਤਿਨ ਅੰਦਰਹੁ ਹੀ ਸਚਿ ਲਾਧਿਆ" ॥੨੨॥ ਪਉੜੀ ॥

(ਗਉੜੀ ਕੀ ਵਾਰ ਮ: ੪, ਪੰਨਾ ੩੧੩)

ਇਤਨੇ ਵਿਚ ਡੇਰਾ ਭੀ ਆ ਗਿਆ। ਚੁਬਾਰੇ ਵਿਚ ਉਹਨਾਂ ਦਾ ਨਿਵਾਸ ਸੀ। ਮੈਂ ਸੋਚਿਆ, ਕੁਝ ਹੋਰ ਸਵਾਲ ਪੁਛਾਂ। ਇਤਨੇ ਵਿਚ ਭਾਈ ਸਾਹਿਬ (ਗੁੰਥੀ ਸਿੰਘ ਜੀ) ਆ ਗਏ। ਮੇਰੇ ਇਕ ਸਾਥੀ ਨੇ ਕੜਾ ਮੰਗਵਾਇਆ ਸੀ, ਤਾਂ ਮੈਂ ਗੁੰਥੀ ਸਿੰਘ ਨੂੰ ਇਕ ਕੜਾ ਦੇਣ ਲਈ ਕਿਹਾ (ਉਥੇ ਕਕਾਰ ਗੁਰਦੁਆਰਿਓਂ ਪ੍ਰਾਪਤ ਹੁੰਦੇ ਸਨ)। ਪਰ ਕੜਾ ਤਾਂ ਮੇਰੇ ਭੀ ਨਹੀਂ ਸੀ ਪਾਇਆ ਹੋਇਆ।



www.AKJ.Org

"ਸੋਢੀ ਸਾਹਿਬ, ਸਿੱਖ ਲਈ ਕੜਾ ਕਿਤ੍ਹੋਂ ਲਾਜ਼ਮੀ ਕਕਾਰ ਹੈ ?" ਮੇਰਾ ਅਗਲਾ ਸਵਾਲ ਸੀ।

"ਕੇਵਲ ਕੜਾ ਹੀ ਇਕ ਅਜਿਹਾ ਚਿੰਨ੍ਹ ਹੈ ਜੋ ਗੁਰੂ ਸਾਹਿਬ ਵਲੋਂ ਖ਼ਾਸ ਇਸ ਲਈ ਬਖਸ਼ਸ਼ ਕੀਤਾ ਗਿਆ ਹੈ ਕਿ ਜੋ ਮਨੁਖ ਕੜਾ ਆਪਣੇ ਹੱਥ ਵਿਚ ਪਾ ਕੇ ਰਖੇਗਾ, ਉਹ ਗੁਰੂ ਕਾ ਸਿੱਖ ਅਖਵਾ ਸਕੇਗਾ। ਹਰ ਧਰਮ ਦਾ ਆਪੋ ਆਪਣਾ ਪਹਿਚਾਣ-ਚਿੰਨ੍ਹ ਹੁੰਦਾ ਹੈ, ਜੋਗੀ ਕੰਨ ਵਿਚ ਮੁੰਦਰਾਂ ਪਾਉਂਦੇ ਹਨ, ਹਿੰਦੂ ਤਿਲਕ ਅਤੇ ਜਨੇਊ ਤੋਂ ਪਛਾਣਿਆ ਜਾਂਦਾ ਹੈ, ਮੁਸਲਮਾਨ ਦੀ ਪਹਿਚਾਣ ਸੁੰਨਤ ਹੈ। ਇਵੇਂ ਸਿਖ ਦੀ ਪਹਿਚਾਣ ਸਰਬ ਲੋਹ ਦਾ ਕੜਾ ਹੈ।"

ਮੇਰੇ ਲਈ ਇਹ ਵਿਆਖਿਆ ਨਵੀਂ ਸੀ। ਪਰ ਬਹਿਸ ਜਾਰੀ ਰਖਣ ਲਈ ਮੈਂ ਵਾਰੀ ਵਾਰੀ ਹਰ ਕਕਾਰ ਨੂੰ ਗਿਣਾਇਆ, "ਸੋਢੀ ਸਾਹਿਬ, [1]ਕੇਸ ਜੋ ਹਨ, ਕੀ ਇਹ ਵੀ ਸਿਖ ਦੀ ਪਹਿਚਾਣ ਲਈ ਹਨ ?"

"ਹਾਂ, ਕੇਸ ਸਿਖ ਦੀ ਪਹਿਚਾਣ ਜ਼ਰੂਰ ਹਨ, ਪਰ ਕੇਸ ਅਕਾਲ ਪੁਰਖ ਦੀ ਬਖਸ਼ਸ਼ ਹਨ ਤੇ ਗੁਰੂ ਕੀ ਮੋਹਰ। ਪਰ ਕੜਾ ਤਾਂ ਗੁਰੂ ਦਾ ਨਿਸ਼ਾਨੀ-ਚਿੰਨ੍ਹ ਹੈ, ਜੋ ਗੁਰੂ ਨੇ ਸਿੱਖ ਨੂੰ ਬਖਸ਼ਿਆ ਹੈ।

ਮੇਰਾ ਅਗਲਾ ਸਵਾਲ ਸੀ :–

"ਸੋਢੀ ਸਾਹਿਬ, ਕੰਘਾ ਭੀ ਤਾਂ ਕਕਾਰ ਹੈ ?"

'ਹਾਂ ਠੀਕ ਹੈ, ਪਰ ਜਿਥੇ ਕੋਈ ਕੇਸ ਰਖਦਾ ਹੈ, ਉਹਨਾਂ ਨੂੰ ਸਾਫ਼ ਸੁਥਰਾ ਰਖਣ ਲਈ ਕੰਘਾ ਤਾਂ ਰਖਣਾ ਹੀ ਪੈਂਦਾ ਹੈ, ਇਹ ਤਾਂ ਪਰੰਪਰਾ ਤੋਂ ਚਲਿਆ ਆਉਂਦਾ ਹੈ।' ਕੰਘਾ ਅਕਾਲ ਪੁਰਖ ਜੀ ਦੇ ਬਖਸ਼ੇ ਕੇਸਾਂ ਨੂੰ ਸਾਫ਼ ਸੁਥਰਾ ਰਖਣ ਲਈ ਹੈ।

"ਸੋਢੀ ਸਾਹਿਬ, ਕਿਰਪਾਨ ਤਾਂ ਗੁਰੂ ਵਲੋਂ ਬਖਸਸ਼ ਹੋਈ ਹੋਈ ਹੈ ?"

ਹਾਂ ਠੀਕ ਹੈ, ਗੁਰੂ ਨੇ ਸਿੱਖ ਨੂੰ ਆਪਣੇ ਅਤੇ ਮਜ਼ਲੂਮਾਂ ਦੀ ਰਖਿਆ ਲਈ ਬਖਸ਼ਸ਼ ਕੀਤੀ ਹੈ, ਉਂਜ ਤਲਵਾਰ ਭੀ ਤਾਂ ਪਰੰਪਰਾਗਤ ਸ਼ਸਤਰ ਮੰਨਿਆਂ ਜਾਂਦਾ ਹੈ।[2] ਪਰ ਕੇਵਲ ਕੜਾ ਹੀ ਐਸਾ ਚਿੰਨ੍ਹ ਹੈ ਜੋ ਦਸਦਾ ਹੈ ਕਿ ਇਹ ਬੰਦਾ ਗੁਰੂ ਵਾਲਾ ਹੈ, ਸਿਦਕ ਵਾਲਾ ਹੈ। ਜਿਵੇਂ ਸੋਨੇ ਦਾ ਪਾਇਆ ਹੋਇਆ ਕੜਾ ਇਹ ਸੰਕੇਤ ਦਿੰਦਾ ਹੈ ਕਿ ਇਸ ਸਿਖ ਨੂੰ ਆਪਣੇ ਗੁਰੂ ਦਾ ਸਿੱਖ ਹੋਣ ਨਾਲੋਂ ਮਾਇਆਧਾਰੀ ਹੋਣ ਵਿਚ ਜ਼ਿਆਦਾ ਮਾਣ ਮਹਿਸੂਸ ਹੁੰਦਾ ਹੈ। ਗੁਰੂ ਦਾ ਅਖਵਾਉਣਾ ਹੋਰ ਗੱਲ ਹੁੰਦੀ ਹੈ, ਪੈਸੇ ਵਾਲਾ ਅਖਵਾਉਣ ਵਿਚ ਸੁਆਦ ਹੀ ਹੋਰ ਹੁੰਦਾ ਹੈ।"

ਮੈਂ ਹੁਣ ਤਕ ਕੇਸ[3], ਕੰਘਾ, ਅਤੇ ਕਿਰਪਾਨ ਨੂੰ ਕੜੇ ਨਾਲ ਨਾਪ ਚੁਕਾ ਸੀ, ਹੁਣ ਤੇ ਕੇਵਲ ਪੰਜਵਾਂ ਕਕਾਰ ਹੀ ਰਹਿ ਗਿਆ ਸੀ, ਮੈਂ ਸੋਚਿਆ ਸੋਢੀ ਸਾਹਿਬ ਨੂੰ ਹੁਣ ਕੋਈ ਜਵਾਬ ਨਹੀਂ ਸੁਝੇਗਾ।

"ਸੋਢੀ ਸਾਹਿਬ, ਕਛਹਿਰੇ ਨੂੰ ਵੀ ਤਾਂ ਸਤਿਗੁਰਾਂ ਨੇ ਕਕਾਰ ਦਾ ਦਰਜਾ ਦਿਤਾ ਹੈ, ਇਹ ਭੀ ਤਾਂ ਗੁਰੂ ਦ ਬਖਸ਼ਸ਼ ਹੈ ?"

"ਹਾਂ, ਬਿਲਕੁਲ ਠੀਕ ਹੈ. ਪਰ ਜੱਤ ਸੱਤ ਦੀ ਇਹ ਕੱਛ ਭਾਰਤੀ ਲੋਕਾਂ ਦਾ ਪਰੰਪਰਾਗਤ ਪਹਿਰਾਵਾ ਰਿਹਾ ਹੈ। ਹਨੂੰਮਾਨ ਦੀ ਕੱਛ ਤੋਂ ਹੀ ਕਛਹਿਰਾ ਉਸਦਾ ਸੁਧਰਿਆ ਰੂਪ ਹੈ, ਪਰ ਕੜਾ ਭਾਰਤ ਦੇ ਜਿਤਨੇ ਮਤ ਹਨ,

---

੧ ਗੁਰੂ ਕੀ ਮੋਹਰ 'ਕੇਸਾਂ' ਦੀ ਰਖਿਆ ਲਈ 'ਕੇਸਕੀ' (ਛੋਟੀ ਦਸਤਾਰ) ਪੰਜਵਾ ਕਕਾਰ ਹੈ। —ਸੰਪਾਦਕ

੨ ਨਿੱਕੀ ਕਿਰਪਾਨ ੬ ਤੋਂ ੯ ਇੰਚ ਵਾਲੀ, ਅੰਗਰੇਜ਼ਾਂ ਨਾਲ ੧੮੪੭ ਦੀ ਆਖ਼ਰੀ ਲੜਾਈ ਹਾਰ ਜਾਣ ਤੋਂ ੩੦-੪੦ ਸਾਲ ਪਿਛੋਂ, ਸਿੱਖ ਨੂੰ ਪਹਿਨਣ ਦੀ ਆਗਿਆ ਦਿਤੀ ਗਈ। ੧੮੪੭ ਦੀ ਲੜਾਈ ਹਾਰਨ ਤੋਂ ਬਾਅਦ ਸਿੱਖਾਂ ਨੂੰ ਬਿਲਕੁਲ ਨਿਹੱਥੇ ਕਰ ਦਿੱਤਾ ਗਿਆ ਸੀ। ਹੁਣ ਭੀ ਹਵਾਈ ਸਫ਼ਰ ਵੇਲੇ ਸਿੱਖ ਤੋਂ ਕਿਰਪਾਨ ਉਤਰਵਾ ਲਈ ਜਾਂਦੀ ਹੈ।

੩ 'ਕੇਸ' ਕਕਾਰ ਹੀ ਨਹੀਂ, ਸਗੋਂ ਗੁਰਸਿੱਖੀ ਦਾ ਮੂਲ-ਮੁਢ ਹੈ। ਕੇਸਾਂ ਦੀ ਬੇਅਦਬੀ ਕਰਨਾ ਪਤਿਤ ਕਰਮ ਹੈ, ਸਿੱਖੀ ਤੋਂ ਖ਼ਾਰਜ ਹੋਣਾ ਹੈ। ਕੇਸਾਂ ਦੀ ਸੰਭਾਲ ਕਰਨ ਵਾਲੀ ਕੇਸਕੀ (ਛੋਟੀ ਦਸਤਾਰ) ਪਜਵਾਂ ਕਕਾਰ ਹੈ। —ਸੰਪਾਦਕ



www.AKJ.Org

ਇਹਨਾਂ ਵਿਚ ਸਰਬ ਲੋਹ ਦਾ ਕੜਾ ਕਿਸੇ ਨਹੀਂ ਪੁਆਇਆ।''

ਮੈਂ ਬਹਿਸ ਵਿਚ ਹਾਰ ਗਿਆ ਸਾਂ। ਗੁੰਥੀ ਸਿੰਘ ਜੀ ਕੋਲ ਹੀ ਬੈਠੇ ਸਨ। ਉਹਨਾਂ ਪਾਸੋਂ ਇਕ ਹੋਰ ਕੜਾ ਲੈ ਕੇ ਸੋਢੀ ਸਾਹਿਬ ਦੇ ਦਸਤੇ-ਮੁਤਾਰਕ ਨਾਲ ਕਈ ਸਾਲਾਂ ਬਾਅਦ ਕੜਾ ਮੁੜ ਕੇ ਧਾਰਨ ਕੀਤਾ। ਮੁੜ ਕੇ ਅੰਮ੍ਰਿਤ ਛਕਣ ਲਈ ਇਹ ਪਹਿਲਾ ਕਦਮ ਸੀ। ਔਰ ਕੜੇ ਬਾਰੇ ਮੈਂ ਹੂ-ਬ-ਹੂ ਇਹੋ ਵਿਚਾਰ ਪ੍ਰੋ: ਪੂਰਨ ਸਿੰਘ ਜੀ ਦੀ ਪੁਸਤਕ *The Ten Masters* ਵਿਚ ਪੜ੍ਹ ਕੇ ਹੈਰਾਨ ਹੋਇਆ। ਬਲਿਹਾਰੇ ਇਹੋ ਜਿਹੇ ਸਿਖ ਵਿਦਵਾਨਾਂ ਦੇ ਸਿਦਕ ਅਤੇ ਸੋਚਣੀ ਤੋਂ। ਪ੍ਰੋ: ਪੂਰਨ ਸਿੰਘ ਜੀ ਕਿਸੇ ਅਗੰਮੀ ਵਜਦ ਵਿਚ ਲਿਖਦੇ ਹਨ, ਕਿ ਜਦੋਂ ਮੇਰੀ ਸ਼ਾਦੀ ਮੇਰੇ ਗੁਰੂ ਨਾਲ ਹੋਈ (ਭਾਵ, ਮੈਂ ਅੰਮ੍ਰਿਤ ਪਾਨ ਕੀਤਾ) ਤਾਂ ਮੇਰੇ ਸਾਈਂ ਨੇ ਇਹ ਸਰਬਲੋਹੀ ਕੜਾ ਮੈਨੂੰ *as a Wedding gift* (ਸ਼ਾਦੀ ਦਾ ਤੁਹਫਾ) ਦਿੱਤਾ ਕਿ ਇਹ ਮੇਰੇ-ਤੇਰੇ ਅਨੰਦ ਕਾਰਜ ਦੀ ਨਿਸ਼ਾਨੀ ਹੈ। ਹੁਣ ਇਹ ਕੜਾ ਮੈਂ ਕਿਵੇਂ ਲਾਹ ਸਕਦਾ ਹਾਂ? ਮੈਂ ਉਸਦਾ ਅਖਵਾਉਂਦਾ ਹਾਂ।

ਸੋਢੀ ਸਾਹਿਬ ਨਾਲ ਮੇਰੀ ਪਹਿਲੀ ਮਿਲਣੀ ਮੇਰੀ ਇਕ ਅਮਿੱਟ ਯਾਦ ਹੈ। ਉਹਨਾਂ ਦੀ ਪ੍ਰੇਰਨਾ ਨਾਲ ਮੈਂ ਸਿਖ ਕਲਚਰ ਅਤੇ ਇਤਿਹਾਸ ਦੀ ਇਕ ਪੁਸਤਕ ਉਸੇ ਵਕਤ ਲੈ ਲਈ। ਉਹਨਾਂ ਨੇ ਹੀ ਮੈਨੂੰ ਕਰਨਲ ਪਿਆਰਾ ਸਿੰਘ ਜੀ ਬਨੀ-ਪਾਰਕ ਜੈਪੁਰ ਵਾਲਿਆਂ ਦੇ ਸਪੁਰਦ ਕੀਤਾ ਤੇ ਇਉਂ ਕਰਨਲ ਸਾਹਿਬ ਨਾਲ ਮੇਰੀ ਜਾਣ ਪਹਿਚਾਣ ਹੋਈ।

ਕਰਨਲ ਪਿਆਰਾ ਸਿੰਘ ਜੀ (ਜੈਪੁਰ ਵਾਲੇ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੁਰਾਣੇ ਸੰਗੀ-ਸਾਥੀਆਂ ਵਿਚੋਂ ਸਨ। ਕਰਨਲ ਪਿਆਰਾ ਸਿੰਘ ਜੀ ਨਾਲ ਮੇਲੇ ਅਗਸਤ ੧੯੫੩ ਵਿਚ ਹੋਏ। ਉਹਨਾਂ ਸਦਕਾ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਬਾਊ ਮੱਲ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਉਹਨਾਂ ਰਾਹੀਂ ਹੀ ਅਨੇਕਾਂ ਗੁਰੂ-ਪਿਆਰਿਆਂ ਨਾਲ ਮੇਲ ਹੋਇਆ। ਨਿਤ ਅਰਦਾਸ ਹੈ-ਸੇਈ ਪਿਆਰੇ ਮੇਲ,ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ॥

---

[ਸਫ਼ਾ ੨੮ ਦੀ ਬਾਕੀ]

ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥੧॥੨੧॥ (ਪੰਨਾ ੧੪੭)

ਮਨ ਅਤੇ ਮੁਖ ਕਰਕੇ ਜੋ ਕੋਈ ਗੁਰਮੁਖੀ ਕੰਮ ਕਰਦਾ ਹੈ ਤਾਂ ਉਹ ਗੁਰਮੁਖ ਹੈ ਅਤੇ ਜੇ ਕੋਈ ਮਨਮੁਖੀ ਕਰਮ ਕਮਾਂਦਾ ਹੈ ਤਾਂ ਉਹ ਮਨਮੁਖ ਹੈ। ਮਨ ਦੇ ਅਰਥ ਮਨ ਕਰ ਕੇ, ਮਨਿ ਰਾਹੀਂ ਜਾਂ ਮਨ ਦੁਆਰਾ ਹੀ ਰਹਿਣ ਹਨ। ਇਸੇ ਤਰ੍ਹਾਂ ਹੀ 'ਮੁਖਿ' ਦੇ ਅਰਥ ਮੁਖ ਕਰਕੇ, ਮੁਖ ਰਾਹੀਂ ਜਾਂ ਮੁਖ ਦੁਆਰਾ ਹੀ ਹੋਣੇ ਹਨ। ਇਨ੍ਹਾਂ ਦੇ ਅਰਥਾਂ ਵਿਚ ਫ਼ਰਕ ਨਹੀਂ ਪੈਣਾ।

ਸੋ ਉਪਰੋਕਤ ਵਿਚਾਰ ਤੋਂ ਸਾਰ ਸਿੱਟਾ ਇਹ ਨਿਕਲਿਆ ਕਿ ਜਿਥੇ ਭੀ ਬਾਣੀ ਵਿਚ ਮੁਖਿ ਤੋਂ ਪਹਿਲਾ ਮਨਿ ਦਾ ਨੰਨਾ ਸਿਹਾਰੀ ਨਾਲ ਆਇਆ ਹੈ, ਉਥੇ ਹੀ ਇਹ ਅੱਡ ਅੱਡ (ਮਨਿ ਮੁਖਿ) ਉਚਾਰਨ ਕਰਨੇ ਹਨ ਅਤੇ ਇਹਨਾਂ ਦੇ ਅਰਥ ਸ਼ਬਦ ਅਤੇ ਪੰਗਤੀਆਂ ਦੇ ਭਾਵ ਮੁਤਾਬਕ ਕਰਨੇ ਹਨ। ਠੀਕ ਉਚਾਰਨ ਸੰਬੰਧੀ ਹੋਰ ਪ੍ਰਮਾਣ ਹੈ:—

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥੧॥ਰਹਾਉ॥ (ਪੰਨਾ ੫੨੭)

ਉਪਰੋਕਤ ਪੰਗਤੀ ਵਿਚ ਮਨ ਮੁਖਿ ਭਾਵੇਂ ਨਾਲ ਨਾਲ ਹੀ ਲਿਖਿਆ ਹੈ ਪਰ ਆਮ ਸਧਾਰਨ ਪਾਠੀ ਵੀ ਇਸ ਮਨ ਅਤੇ ਮੁਖਿ ਨੂੰ ਅੱਡ ਅੱਡ ਹੀ ਉਚਾਰਨ ਕਰਦੇ ਹਨ। ਕੋਈ ਭੀ ਇਸ ਨੂੰ ਮਨਮੁਖਿ (ਗੁਰਮੁਖਿ ਸ਼ਬਦ ਦੇ ਵਿਪਰੀਤ ਅਰਥ ਵਾਲਾ ਮਨਮੁਖਿ) ਉਚਾਰਨ ਨਹੀਂ ਕਰਦਾ। ਅਰਥ ਭੀ ਸਹੀ ਇਹੋ ਹੀ ਕੀਤੇ ਜਾਂਦੇ ਹਨ ਕਿ ਹੇ ਮੇਰੇ ਮਨ, ਤੂ ਮੁਖ ਤੋਂ ਹਰਿ ਨਾਮ ਦਾ ਉਚਾਰਨ ਕਰ, ਮੂੰਹ ਤੋਂ ਅਕਾਲ ਪੁਰਖ ਦਾ ਸਿਮਰਨ ਕਰ।

ਸੋ, ਮਨਿ ਮੁਖਿ ਦੇ ਅੱਡ ਅੱਡ ਸ਼ਬਦ ਹੋਣ ਕਰਕੇ ਇਨ੍ਹਾਂ ਨੂੰ ਨਿਖੇੜ ਕੇ, ਥੋੜਾ ਜਿਹਾ ਬਿਸ੍ਰਾਮ ਦੇ ਕੇ ਉਚਾਰਨ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਜਿਥੇ ਆਪਣੇ ਆਪ ਨੂੰ ਅਰਥਾਂ ਦਾ ਪਤਾ ਲਗਦਾ ਹੈ ਉਥੇ ਸਰੋਤਿਆਂ ਨੂੰ ਵੀ ਇਸ ਭੇਦ ਦਾ ਪਤਾ ਲੱਗ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਸ਼ੁੱਧ ਪੜ੍ਹਨ ਵੱਲ ਸਾਡਾ ਧਿਆਨ ਹੋਰ ਵਧੇਗਾ।



www.AKJ.Org

# ਤੋਪ ਨੂੰ ਖਿਚ ਕੇ ਗੜ੍ਹੀ ਵਿਚ ਲੈ ਜਾਣ ਵਾਲੀ ਘਟਨਾ

[ਕੈਪਟਨ ਸਵਰਨ ਸਿੰਘ ਜੀ]

ਪ੍ਰੋਫੈਸਰ ਗੁਰਬਖਸ਼ ਸਿੰਘ ਜੀ ਰੀ: ਪੰਜਾਬ ਹਿਸਟੋਰੀਕਲ ਅਧਿਐਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਕ ਖੋਜ ਭਰਿਆ ਇਤਿਹਾਸਕ ਲੇਖ "ਅਲੌਕਿਕ ਕ੍ਰਿਸ਼ਮਾ" ਦੇ ਸਿਰਲੇਖ ਹੇਠ 'ਗੁਰਮਤਿ ਪ੍ਰਕਾਸ਼' ਅੰਮ੍ਰਿਤਸਰ ਦੇ ਦਸੰਬਰ ੧੯੯੦ ਦੇ ਅੰਕ ਵਿਚ ਛਪਿਆ ਸੀ। 'ਸੂਰਾ' ਦੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਅਤੇ ਸਿਖ ਇਤਿਹਾਸ ਨੂੰ ਵਾਚਣ ਦਾ ਉਤਸ਼ਾਹ ਵਧਾਉਣ ਲਈ ਇਹ ਲੇਖ 'ਸੂਰਾ' ਜੁਲਾਈ ੯੧ ਦੇ ਪਰਚੇ ਵਿਚ ਛਾਪਿਆ ਗਿਆ ਸੀ। ਉਸ ਲੇਖ ਵਿਚ ਪ੍ਰੋਫੈਸਰ ਜੀ ਨੇ ਆਪਣੀ ਖੋਜ ਦੇ ਅਧਾਰ ਤੇ ਲਿਖਿਆ ਕਿ ਗੁਰਦਾਸਪੁਰ ਦੀ ਗੜ੍ਹੀ ਦੁਆਲੇ ਘੇਰੇ ਸਮੇਂ ਸਿੰਘਾਂ ਨੇ ਮੁਗਲਾਂ ਦੀ ਇਕ ਤੋਪ ਨੂੰ ਅਗਵਾ ਕਰਨ ਦਾ ਯਤਨ ਕੀਤਾ। ਸੂਰਾ ਫਰਵਰੀ ੧੯੯੧ ਵਿਚ ਹੀ ਕੈਪਟਨ ਸਵਰਨ ਸਿੰਘ ਦਾ ਇਕ ਲੇਖ ਛਪਿਆ ਸੀ, ਜਿਸ ਦੇ ਅਧਾਰ ਤੇ ਅਸਾਂ ਪ੍ਰੋਫੈਸਰ ਸਾਹਿਬ ਦੇ ਇਸ ਲੇਖ ਦੇ ਹੇਠ ਫੁਟਨੋਟ ਵਿਚ ਛਾਪ ਦਿਤਾ ਕਿ ਕੈਪਟਨ ਸਾਹਿਬ ਇਹ ਘਟਨਾ ੧੭੧੨ ਈ: ਵਿਚ ਸਢੌਰੇ ਦੀ ਗੜ੍ਹੀ ਦੇ ਘੇਰੇ ਦੇ ਸਮੇਂ ਦੀ ਲਿਖਦੇ ਹਨ।

ਕੈਪਟਨ ਸਾਹਿਬ ਨੇ ਜੁਲਾਈ ੯੧ ਦੇ ਪੰਨਾ ੧੮ ਹੇਠਲੇ ਸਾਡੇ ਇਸ ਨੋਟ ਨੂੰ ਪੜ੍ਹ ਕੇ ਹੇਠਾਂ ਲਿਖੇ ਅਨੁਸਾਰ ਆਪਣੇ ਵਲਵਲੇ ਲਿਖਦਿਆਂ ਅੰਤ ਵਿਚ ਪ੍ਰੋਫੈਸਰ ਸਾਹਿਬ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਇਸ ਘਟਨਾ ਦੇ ਅਧਾਰ ਲਈ ਉਨ੍ਹਾਂ ਨੇ ਕਿਨ੍ਹਾਂ ਕਿਨ੍ਹਾਂ ਸੋਮਿਆਂ ਨੂੰ ਮੁਖ ਰਖਿਆ ਹੈ। ਪ੍ਰੋਫੈਸਰ ਸਾਹਿਬ ਇਸ ਬਾਰੇ ਜੋ ਕੁਝ ਹੋਰ ਚਾਨਣਾ ਪਾ ਦੇਣ ਤਾਂ ਉਹ ਬੜੀ ਭਾਰੀ ਇਤਿਹਾਸਕ ਸੇਵਾ ਹੋਵੇਗੀ। —ਸੰਪਾਦਕ

ਮੈਨੂੰ ਇਤਿਹਾਸ ਨਾਲ ਜਨੂੰਨ ਦੀ ਹਦ ਤਕ ਠਰਕ ਹੈ। ਖਾਲਸਾ ਪੰਥ ਦਾ ਇਤਿਹਾਸ ਬੜਾ ਹੀ ਗੌਰਵ-ਮਈ ਤੇ ਲਾਸਾਨੀ ਹੈ। ਬੰਦਾ ਸਿੰਘ ਦੇ ਜੀਵਨ ਨੇ ਮੈਨੂੰ ਬਹੁਤ ਉਤਸ਼ਕ ਕੀਤਾ ਸੀ। ਉਸ ਉਤੇ ਜਿੰਨਾ ਕੰਮ ਹੋਣਾ ਚਾਹੀਦਾ ਸੀ, ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਓਨਾ ਨਹੀਂ ਹੋਇਆ। ਬਦਕਿਸਮਤੀ ਹੈ ਕਿ ਜਿਸ ਦੀ ਟੱਕਰ ਦਾ ਕੋਈ ਜਰਨੈਲ ਪੁਰਾਤਨ ਜਾਂ ਆਧੁਨਿਕ ਸਮੇਂ ਦੇ ਇਤਿਹਾਸ ਵਿਚੋਂ ਢੂੰਡਿਆਂ ਨਹੀਂ ਮਿਲਦਾ, ਉਸ ਨਾਲ ਸਭ ਤੋਂ ਬੁਰਾ ਸਿੱਖਾਂ ਕਮਾਇਆ ਹੈ, ਤੇ ਅਸੀਂ ਅੱਜ ਤਕ ਲਾਪਰਵਾਹੀ ਤੇ ਗ਼ਫ਼ਲਤ ਦੀ ਚਾਦਰ ਤਾਣ ਕੇ ਸੁਤੇ ਪਏ ਹਾਂ। ਅੱਜ ਵੀ ਹਿੰਦੂ ਉਸ ਨੂੰ ਬੇ-ਅੰਮ੍ਰਿਤੀਆ ਬੈਰਾਗੀ ਸਾਧ ਸਿਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਪਹਿਲਾਂ ਲਾਲਾ ਦੌਲਤ ਰਾਇ ਨੇ, ਤੇ ੨੦ ਕੁ ਸਾਲ ਮਗਰੋਂ ਭਾਈ ਪਰਮਾਨੰਦ ਨੇ ਵੀਰ ਬੰਦਾ ਬੈਰਾਗੀ ਨਾਂ ਥਲੇ ਕਿਤਾਬਾਂ ਲਿਖ ਕੇ ਖ਼ੂਬ ਕੁਫ਼ਰ ਤੋਲਿਆ। ਪਰਮਾਨੰਦ ਨੂੰ ਸ: ਕਰਮ ਸਿੰਘ ਹਿਸਟੋਰੀਅਨ ਨੇ "ਬੰਦਾ ਬਹਾਦਰ ਕੌਨ ਥਾ ?" ਨਾਮੇ ਕਿਤਾਬ ਲਿਖ ਕੇ ਉਹ ਪੁਠੇ ਹੱਥ ਦੀ ਚਪੇੜ ਮਾਰੀ ਸੀ ਕਿ ਭਾਈ ਜੀ ਦੇ ਤੋਰ ਭੌਂ ਗਏ ਸਨ। ਸ: ਕਰਮ ਸਿੰਘ ਦੇ ਜੀਉਂਦਿਆਂ ਆਰੀਆ ਸਮਾਜੀਆਂ ਨੂੰ ਫਿਰ ਇਸ ਕਿਸਮ ਦਾ ਕੁਫ਼ਰ ਤੋਲਣ ਦਾ ਹੌਸਲਾ ਨਹੀਂ ਸੀ ਪਿਆ। ਹੁਣ ਜਦ ਕੋਈ ਪਹਿਰੇਦਾਰ ਨਾ ਰਿਹਾ, ਸਿੱਖਾਂ ਨੂੰ ਘੁਰਾੜੇ ਮਾਰਦਿਆਂ ਤੱਕ ਕੇ ਪੰਜਾਬ ਦੇ ਆਰੀਆ ਸਮਾਜੀ, ਜਿਨ੍ਹਾਂ ਦੀਆਂ ਤੰਦੂਏ ਦੀਆਂ ਤਾਰਾਂ ਵਾਲਾ ਕੰਮ ਜਲੰਧਰੀ ਮਹਾਸ਼ਾ ਪ੍ਰੈਸ, ਜਿਨ੍ਹਾਂ ਨੂੰ ਸ: ਸਾਧੂ ਸਿੰਘ ਹਮਦਰਦ "ਜ਼ਹਿਰ ਦੇ ਵਪਾਰੀ" ਕਿਹਾ ਕਰਦਾ ਸੀ, ਕਰਦਾ ਹੈ, ਬੰਦਾ ਸਿੰਘ ਦੀ ਸ਼ਹਾਦਤ ਵਾਲੇ ਦਿਨ ਆਪਣੇ ਜ਼ਹਿਰੀਲੇ ਪਰਚਿਆਂ ਵਿਚ ਮਿਥ ਕੇ ਬੰਦਾ ਸਿੰਘ ਉਤੇ ਲੇਖ ਲਿਖਦੇ ਹਨ। ਬੇਸ਼ਰਮੀ ਵਾਲੀ ਹੱਦ ਇਹ ਹੈ ਕ ਤਾਨ ਇਸੇ ਗੱਲ ਤੇ ਟੁਟਦੀ ਹੈ ਕਿ ਬੰਦਾ ਸਿੰਘ ਹੋਰ ਤਾਂ ਸਭ ਕੁਝ ਸੀ, ਪਰ ਅੰਮ੍ਰਿਤਧਾਰੀ ਨਹੀਂ ਸੀ। ਤੇ ਅਸੀਂ ਇਹੋ ਜਿਹੇ ਲੇਖਾਂ ਨੂੰ ਮਾਂ ਦਾ ਸ਼ੀਰ ਸਮਝ ਕੇ ਚੁੰਘ ਜਾਂਦੇ ਹਾਂ। ਸਾਡੇ ਵਿਚ ਉਹ ਮਹਾਨ ਆਗੂ ਵੀ ਹਨ ਕਿ ਜੇ ਉਨ੍ਹਾਂ ਨੂੰ ਅਮਰੀਕਾ ਜਾਣ ਦਾ ਦੌਰਾ ਪਵੇ ਤਾਂ ਉਨ੍ਹਾਂ ਦੇ ਪਿਛੇ "ਹਿੰਦ ਸਮਾਚਾਰ" ਦੀ ਕਾਪੀ ਰੋਜ਼ਾਨਾ ਘਲਾਣ ਦਾ ਪ੍ਰਬੰਧ ਸਿਖ ਕੌਮ ਦੇ ਖ਼ਰਚੇ ਤੇ ਹੁੰਦਾ ਹੈ।

ਗੱਲ ਹੋਰ ਪਾਸੇ ਚਲੀ ਗਈ। ਮੈਂ ਆਪਣੇ ਮਨ ਚਿ ਫ਼ੈਸਲਾ ਕੀਤਾ ਕਿ ਜੋ ਵੀ ਬੰਦਾ ਸਿੰਘ ਤੇ ਲਿਖਿਆ


www.AKJ.Org

ਗਿਆ ਹੈ, ਇਸ ਨੂੰ ਪੜ੍ਹ ਲੈਣ ਨਾਲ ਨਹੀਂ ਸਰਦਾ, ਸਗੋਂ ਬੰਦਾ ਸਿੰਘ ਜਿਥੇ ਜਿਥੇ ਵੀ ਗਿਆ ਹੈ, ਉਸ ਦੇ ਪਿਛੇ ਪਿਛੇ ਜਾ ਕੇ ਮੁਕਾਮੀ ਲੋਕਾਂ ਪਾਸੋਂ ਵੀ ਉਸ ਬਾਰੇ ਗੱਲਾਂ ਸੁਣੀਆਂ ਜਾਣ। ਰਾਜੌਰੀ ਤੋਂ ਲੈ ਕੇ ਕੁਤਬ ਸਾਹਿਬ ਦੀ ਲਾਠ ਪਾਸ ਸ਼ਹੀਦੀ ਮੁਕਾਮ ਦੇ ਵਿਚਕਾਰ, ਰਾਮ ਥਮਣ (ਇਹ ਹੁਣ ਪਾਕਿਸਤਾਨ ਵਿਚ ਹੈ) ਤੇ ਪੜੋਲ ਕਠੂਏ ਤੋਂ ਬਿਨਾਂ ਤਕਰੀਬਨ ਸਭ ਥਾਵਾਂ ਨੂੰ ਵੇਖਿਆ ਤੇ ਲੋਕਾਂ ਨਾਲ ਗੱਲਾਂ ਕੀਤੀਆਂ, ਉਨ੍ਹਾਂ ਪਾਸੋਂ ਬਹੁਤ ਕੁਝ ਸੁਣਿਆ, ਨੋਟ ਲਏ। ਇਹ ਜਾਣਕਾਰੀ ਬਹੁਮੁਲੀ ਸੀ। ਮੈਂ ਵੇਖਿਆ, ਇਨ੍ਹਾਂ ਗੱਲਾਂ ਨੂੰ ਲਿਖਾਰੀ ਘੇਖੇ ਤੋਂ ਬਿਨਾਂ ਇਨ੍ਹਾਂ ਦੇ ਨਾਲ ਦੀ ਲੰਘ ਗਏ ਹਨ। ਜੋ ਲਾਇਬ੍ਰੇਰੀਆਂ ਚੋਂ ਮਿਲਿਆ, ਉਹੀ ਪੜ੍ਹ ਕੇ ਆਪਣਾ ਨਜ਼ਰੀਆ ਬਣਾ ਕੇ, ਜੋ ਜੀਅ ਆਇਆ, ਬਸ ਲਿਖੀ ਗਏ। ਸੀਨਾ ਬਸੀਨਾ ਤੁਰੀਆਂ ਆ ਰਹੀਆਂ ਗੱਲਾਂ ਚੋਂ ਬਹੁਤ ਸਾਰੀਆਂ ਦੀ ਪੁਸ਼ਟੀ ਸਮਕਾਲੀ ਮੁਸਲਮਾਨ ਤੇ ਹਿੰਦੂ ਲਿਖਾਰੀਆਂ ਦੀਆਂ ਲਿਖਤਾਂ ਵਿਚੋਂ ਇੰਨ ਬਿੰਨ ਹੁੰਦੀ ਹੈ। ਜੋ ਛਡਿਆ ਗਿਆ ਹੈ ਇੰਜ ਲਗਦੈ, ਜਿਵੇਂ ਜਾਣ ਬੁਝ ਕੇ ਕਲਮੋਂ ਦੂਰ ਰਖਿਆ ਗਿਆ ਹੈ।

ਮੈਂ ਆਪਣੀਆਂ ਬੰਦਾ ਸਿੰਘ ਦੇ ਪਿਛ ਪਿਛੇ ਫੇਰੀਆਂ ਵਿਚ ਗੁਰਦਾਸਪੁਰ ਦੋ ਦਿਨ, ਗੁਰਦਾਸ ਨੰਗਲ ਦੋ ਦਿਨ ਤੇ ਸਢੌਰੇ ਕਈ ਦਿਨੋ, ਮੁਖਲਸ ਗੜ੍ਹ ਇਕ ਦਿਨ ਅਤੇ ਇਕ ਰਾਤ ਬਿਤਾਈ। ਪਮੂੰਵਾਲ ਵਾਲੀ ਖੱਲ ਤੇ ਡਸਕੇ ਵਾਲੀ ਖੋਲਾਂ ਵੀ ਵੇਖੀਆਂ। ਦੁਆਲੇ ਦੇ ਪਿੰਡਾਂ ਵਿਚ ਵੀ ਗਿਆ ਤੇ ਵਡੇਰੀ ਉਮਰ ਦਿਆਂ ਬਜ਼ੁਰਗਾਂ ਪਾਸੋਂ ਬਹੁਤ ਕੁਝ ਸੁਣਿਆ। ਤੋਪ ਵਾਲੀ ਘਟਨਾ (ਗੱਲ) ਦਾ ਜ਼ਿਕਰ ਗੁਰਦਾਸ ਨੰਗਲ ਨਾਲ ਸੰਬੰਧਤ ਕਿਧਰੇ ਵੀ ਸੁਣਿਆ ਜਾਂ ਪੜ੍ਹਿਆ ਨਹੀਂ। ਇਸ ਤੋਪ ਦੇ ਅਗਵਾ ਭਾਵ ਖਿਚ ਕੇ ਗੜ੍ਹੀ ਵਿਚ ਲੈ ਵੜਨ ਦੀ ਕੋਸ਼ਿਸ਼ ਦਾ ਤੁਅਲਕ ਸਢੌਰੇ ਦੇ ਘੇਰੇ ਨਾਲ ਹੈ। (ਮਿਸਾਲ ਵਜੋਂ ਪੰਜਾਬ ਵਿਚ ਹੋਣ ਵਾਲੇ ਝੂਠੇ ਜਾਂ ਸੱਚੇ ਪੁਲਸ ਦੇ ਖਾੜਕੂ ਸਿੰਘਾਂ ਨਾਲ ਮੁਕਾਬਲਿਆਂ ਦਾ ਹਾਲ ਅਖ਼ਬਾਰਾਂ ਵਿਚ ਕੁਝ ਹੋਰ ਹੁੰਦੈ, ਸਰਕਾਰ ਦੇ ਬਿਆਨ ਕੁਝ ਹੋਰ ਹੀ ਦਸਦੇ ਹਨ। ਵਾਕਿਆ ਵਾਲੇ ਪਿੰਡ ਤੇ ਆਸ ਪਾਸ ਦੇ ਲੋਕਾਂ ਨੂੰ ਪੁਛੋ ਅਸਲੀਅਤ ਕੀ ਹੈ, ਇੰਨ ਬਿੰਨ ਪਤਾ ਲੱਗ ਜਾਵੇਗਾ। ਫਿਰ ਘੋਖ ਲਵੋ, ਪੜਚੋਲ ਕਰੋ। ਸਿੱਟਾ ਪੂਰੇ ਚਾਨਣ ਵਿਚ ਸਾਮ੍ਹਣੇ ਆਵੇਗਾ। ਲਾਲੂ ਘੁਮਣ ਪਿੰਡ ਤੇ ਰਟੋਲ ਪਿੰਡ ਵਿਚ ਕੀ ਬਣਿਆ, ਅਖ਼ਬਾਰ ਤੇ ਸਰਕਾਰ ਨਹੀਂ, ਲੋਕ ਦਸਣਗੇ ਤੇ ਇਹ ਰਹਿੰਦੀ ਦੁਨੀਆ ਤਕ ਸੀਨਾ-ਬਸੀਨਾ ਅੱਗੇ ਨੂੰ ਚਾਲੂ ਰਹੇਗਾ। ਬੰਦਾ ਸਿੰਘ ਵੀ ਤਾਂ ਉਸ ਵੇਲੇ ਦੀ ਜਾਬਰ ਸਰਕਾਰ ਵਿਰੁਧ ਲੜ ਰਿਹਾ ਸੀ। ਸੱਚ ਆਮ ਲੋਕਾਂ ਦੇ ਸੀਨਿਆਂ ਵਿਚ ਸਾਂਭਿਆ ਪਿਆ ਹੈ। ਖੇਚਲ ਕਰੋ, ਪਾਸ ਜਾਉ, ਲੋਕਾਂ ਦਾ *confidence* (ਵਿਸ਼ਵਾਸ) ਜਿਤੋ, ਪ੍ਰੇਰ ਕੇ ਗੱਲ ਪੁਛੋ, ਜ਼ਬਾਨ ਦੀ ਨੋਕ ਰਾਹੀਂ, ਪਹਾੜ ਦੀ ਵਖੀ ਕੰਢਿਓਂ ਫੁਟਦੇ ਸੋਮੇ ਦੇ ਸਵੱਛ ਜਲ ਵਾਂਗ ਸੱਚੀ ਦਾਸਤਾਨ ਦੀ ਧਾਰਾ ਆਪ-ਮੁਹਾਰੇ ਬਹਿ ਨਿਕਲੇਗੀ। ਲੋੜ ਸਮਾਂ, ਖੇਚਲ ਤੇ ਪੈਸਾ ਖ਼ਰਚ ਕਰਨ ਦੀ ਹੈ, ਉਤਸ਼ਾਹ ਦੀ ਲੋੜ ਹੈ। ਹਾਂ, ਵੇਲਾ ਨਾ ਸਾਂਭਿਆ ਜਾਵੇ ਤਾਂ ਸੱਚ ਨੂੰ ਵੀ ਲੋਹੇ ਵਾਂਗ ਜ਼ੰਗ ਲੱਗ ਕੇ ਉਸ ਨੂੰ ਚੱਟ ਜਾਣ ਦਾ ਖ਼ਤਰਾ ਹੈ।)

ਯਾਦ ਰਹੇ ਕਿ ਗੁਰਦਾਸ ਨੰਗਲ ਦੇ ਘੇਰੇ ਵਿਚ ਬੰਦਾ ਸਿੰਘ ਸਿੰਘਾਂ ਦੇ ਨਾਲ ਸ਼ਾਮਲ ਸੀ ਤੇ ਇਥੋਂ ਹੀ ਸਾਰੇ ਫੜੇ ਗਏ ਸਨ। ਸਢੌਰੇ ਦਾ ਘੇਰਾ ਤਿੰਨ ਸਾਲ ਪਹਿਲਾਂ ਪਿਆ ਸੀ ਤੇ ਬੰਦਾ ਸਿੰਘ ਇਸ ਵਿਚ ਨਹੀਂ ਸੀ, ਉਹ ਅੱਗੇ ਲੋਹਗੜ੍ਹ ਵਿਖੇ ਸੀ।

ਇਸ ਘਟਨਾ ਦੇ ਸਢੌਰੇ ਵਿਚ ਵਾਪਰਨ ਬਾਰੇ ਮੇਰੇ ਨਿਜਚੇ ਦਾ ਆਧਾਰ, ਲੋਕ-ਕਥਾਵਾਂ ਤੋਂ ਬਿਨਾਂ ਇਹ ਪੁਸਤਕਾਂ ਵੀ ਹਨ :

1. *Annonymous Historical Fragmente* (*English*)।
2. ਫ਼ਰਖ਼ਸੀਅਰਨਾਮਾ (ਫ਼ਾਰਸੀ)।
3. ਤਜ਼ਕਰਾ-ਉੱਸਲਾਤੀਨ ਚੁਗਤਾਈਆਂ, ਮੁਹੰਮਦ ਹਾਦੀ ਕਾਮਵਰ ਖ਼ਾਨ, (ਫ਼ਾਰਸੀ ਹੱਥ-ਲਿਖਤ)।
4. *Later Mughals by William Irvins Vol I, Page 308-9*

ਇਰਵਿਨ ਸਾਹਿਬ ਨੇ ਉਪਰਲੀਆਂ ਪੁਸਤਕਾਂ ਨੂੰ ਹਵਾਲੇ ਵਜੋਂ ਵਰਤਿਆ ਹੈ। ਡਾ: ਗੰਡਾ ਸਿੰਘ ਨੇ


www.AKJ.Org

ਆਪਣੀ ਪੁਸਤਕ "*Banda Singh Bahadar*" ਵਿਚ ਇਨ੍ਹਾਂ ਹੀ ਪੁਸਤਕਾਂ ਦਾ ਹਵਾਲਾ ਦਿਤਾ ਹੈ।

ਇਸ ਘਟਨਾ ਬਾਰੇ ਇਕ ਹੋਰ ਵੀ ਠੋਸ ਗਵਾਹੀ ਹੈ, ਜੋ ਦਿਲ ਲਗਦੀ ਹੈ। ਇਸ ਨੂੰ ਪਹਿਲੀ ਵਾਰ ਦਸਣ ਵਾਲਾ **ਕਾਮਵਰ ਖਾਨ** ਹੈ, ਜੋ ਬੰਦਾ ਸਿੰਘ ਦੇ ਖਿਲਾਫ਼ ਮੁਹਿੰਮਾਂ ਵਿਚ ਆਪ ਵੀ ਸ਼ਾਮਲ ਹੈ ਤੇ ਸਢੌਰੇ ਵਾਲੇ ਘੇਰੇ ਸਮੇਂ ਵੀ ਮੁਗ਼ਲ ਫ਼ੌਜ ਵਿਚ ਹਾਜ਼ਰ ਸੀ। ਚਸ਼ਮ-ਦੀਦ ਗਵਾਹ ਹੈ। ਇਸ ਘਟਨਾ ਦੀ ਤਫ਼ਸੀਲ ਆਪਣੇ ਹਥੀਂ ਲਿਖਦਾ ਹੈ। ਇਹ ਕਾਫ਼ੀ ਮਜ਼ਬੂਤ ਗਵਾਹੀ ਹੈ।

ਪਰ ਇਸ ਅਕੱਟ ਸਬੂਤ ਦੇ ਬਾਵਜੂਦ ਮੈਂ ਦਾਅਵਾ ਨਹੀਂ ਕਰਦਾ ਕਿ ਮੈਂ ਗ਼ਲਤੀ ਤੇ ਨਹੀਂ ਹੋ ਸਕਦਾ। ਬੰਦਾ ਖਿਨ ਖਿਨ ਭੁਲਣਹਾਰ ਹੈ। ਸਿਰਫ਼ ਵਾਹਿਗੁਰੂ ਹੀ ਅਭੁਲ ਹਨ। "ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ"॥

ਇਸ ਦੇ ਨਾਲ ਮੈਂ ਬੜੀ ਨਿਮਰਤਾ ਨਾਲ ਬਿਨੈ ਕਰਦਾ ਹਾਂ ਕਿ ਜੇ ਇਹ ਘਟਨਾ ਗੁਰਦਾਸ ਨੰਗਲ ਦੇ ਘੇਰੇ ਸਮੇਂ ਦੀ ਹੈ ਤਾਂ ਮਾਨਯੋਗ ਵਿਦਵਾਨ ਪ੍ਰੋਫੈਸਰ ਸਾਹਿਬ (ਸ: ਗੁਰਬਖ਼ਸ਼ ਸਿੰਘ ਜੀ) ਇਸ ਇਤਿਹਾਸਕ ਭੁਲ ਦੀ ਸੁਧਾਈ ਲਈ ਕਿਰਪਾ ਕਰਕੇ ਆਪਣੇ *Sources* (ਸਰੋਦ) ਪਾਠਕਾਂ ਨਾਲ ਸਾਂਝੇ ਕਰ ਕੇ ਸਿਖ ਇਤਿਹਾਸ ਦੀ ਬੇਮੁਲੀ ਸੇਵਾ ਕਰਨ। ਆਸ ਹੈ ਕਿ ਉਹ ਇਸ ਨਿਮਾਣੇ ਦੀ ਬੇਨਤੀ ਨੂੰ ਪ੍ਰਵਾਨ ਕਰਨਗੇ।

---

# ਸਿਗਰਟ ਤਮਾਕੂ ਭਿਆਨਕ ਰੋਗਾਂ ਦੀ ਖਾਣ ਹੈ

## ਤੰਬਾਕੂ-ਨੋਸ਼ਾਂ ਨਾਲ ਰਹਿਣ ਵਾਲੇ ਗ਼ੈਰ-ਤੰਬਾਕੂ-ਨੋਸ਼ ਖ਼ਬਰਦਾਰ ਰਹਿਣ

ਨਿਊਯਾਰਕ :–ਇਕ ਤਾਜ਼ਾ ਡਾਕਟਰੀ ਖੋਜ ਅਨੁਸਾਰ ਤੰਬਾਕੂ-ਨੋਸ਼ਾਂ ਦੇ ਨਾਲ ਰਹਿਣ ਵਾਲੇ ਗ਼ੈਰ-ਤੰਬਾਕੂ-ਨੋਸ਼ ਵਿਅਕਤੀਆਂ ਨੂੰ ੨੦ ਤੋਂ ੩੦ ਫ਼ੀ ਸਦੀ ਤਕ ਦਿਲ ਦੀਆਂ ਬੀਮਾਰੀਆਂ ਹੋ ਜਾਣ ਦਾ ਖਤਰਾ ਹੁੰਦਾ ਹੈ। ਤੰਬਾਕੂ-ਨੋਸ਼ੀ ਨਾਲ ਦਿਲ ਦੀਆਂ ਬੀਮਾਰੀਆਂ ਹੁੰਦੀਆਂ ਹਨ ਅਤੇ ਦਿਲ ਦੀਆਂ ਬੀਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਕੈਂਸਰ ਨਾਲੋਂ ੧੦ ਗੁਣਾ ਅਧਿਕ ਹਨ। ਕੈਲੀਫੋਰਨੀਆ ਦਾ ਯੂਨੀਵਰਸਟੀ ਦਾ ਸਟੇਨਟੋਨ ਗਲਾਂਟਜ਼ ਨੇ ਬੋਸਟਨ ਵਿਚ ਫੇਫੜਿਆਂ ਦੀ ਸਿਹਤ ਤੇ ਆਯੋਜਤ ਵਿਸ਼ਵ ਕਾਨਫਰੰਸ ਵਿਚ ਦਸਿਆ ਕਿ ਖੋਜ ਦਾ ਉਦੇਸ਼ ਇਹ ਪਤਾ ਲਗਾਣਾ ਹੈ ਕਿ ਸਿਗਰਟ-ਨੋਸ਼ੀ ਦਾ ਕਿਵੇਂ ਦਿਲ, ਖ਼ੂਨ ਅਤੇ ਅੰਤੜਆਂ ਤੇ ਅਸਰ ਪੈਂਦਾ ਹੈ। ਸਾਲ ੧੯੮੬ ਦੀ ਸਾਲਾਨਾ ਰਿਪੋਰਟ ਵਿਚ ਅਮਰੀਕੀ ਸਰਜਨ ਜਨਰਲ ਨੇ ਕਿਹਾ ਕਿ ਸਹਿਨਸ਼ੀਲ ਸਿਗਰਟ-ਨੋਸ਼ੀ ਨਾਲ ਗ਼ੈਰ ਸਿਗਰਟਨੋਸ਼ਾਂ ਨੂੰ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। (ਏ.ਪੀ.)–ਅਜੀਤ ੨੨-੫-੯੦

## ਸਾਰੇ ਹਵਾਈ ਜਹਾਜ਼ਾਂ ਵਿਚ ਤੰਬਾਕੂ-ਨੋਸ਼ੀ ਤੇ ਰੋਕ ਦਾ ਸੱਦਾ

ਲੰਡਨ–ਵਿਸ਼ਵ ਸਿਹਤ ਸੰਸਥਾ ਨੇ ਸਾਰੇ ਮੁਸਾਫਰ ਹਵਾਈ ਜਹਾਜ਼ਾਂ ਵਿਚ ਤੰਬਾਕੂ-ਨੋਸ਼ੀ ਤੇ ਪਾਬੰਦੀ ਲਾਉਣ ਲਈ ਕਿਹਾ ਹੈ। ਤੰਬਾਕੂ ਅਤੇ ਸਿਹਤ ਪ੍ਰੋਗਰਾਮ ਦੇ ਮੈਨੇਜਰ ਜੌਹਨ ਰਾਬਰਟਸ ਨੇ ਕਿਹਾ ਹੈ ਕਿ ਸਾਰੀਆਂ ਏਅਰਲਾਈਨਜ਼ ਨੂੰ ਤੰਬਾਕੂ-ਨੋਸ਼ੀ ਰਹਿਤ ਬਨਾਣ ਦਾ ਸੱਦਾ ਦਿਤਾ ਗਿਆ ਹੈ। ਇਥੇ ਇਕ ਪੱਤਰਕਾਰ ਸੰਮੇਲਨ ਵਿਚ ਜੌਹਨ ਰਾਬਰਟਸ ਤੋਂ ਇਲਾਵਾ ਇੰਪੀਰੀਅਲ ਕੈਂਸਰ ਰੀਸਰਚ ਫੰਡ ਦੇ ਇਕ ਸੀਨੀਅਰ ਵਿਗਿਆਨੀ ਮਾਰਟਿਨ ਨੇ ਕਿਹਾ ਕਿ ਹਵਾਈ ਜਹਾਜ਼ਾਂ ਵਿਚ ਨਾਨ-ਸਮੋਕਰਜ਼ ਲਈ ਕੁਝ ਸੀਟਾਂ ਰਾਖਵੀਆਂ ਰੱਖਣ ਨਾਲ ਹੀ ਗੱਲ ਨਹੀਂ ਮੁਕੇਗੀ, ਸਗੋਂ ਮੁਕੰਮਲ ਪਾਬੰਦੀ ਹੋਣੀ ਚਾਹੀਦੀ ਹੈ। ਬੀਤੇ ਮਹੀਨੇ ਏਅਰ ਕਨੇਡਾ ਨੇ ਆਪਣੇ ਸਾਰੇ ਹਵਾਈ ਜਹਾਜ਼ਾਂ ਵਿਚ ਤਮਾਕੂ-ਨੋਸ਼ੀ ਤੇ ਪਾਬੰਦੀ ਲਾ ਦਿਤੀ ਹੈ। (ਏ. ਪੀ.) ਅਜੀਤ, ੯ ਅਗਸਤ ੧੯੯੦

## ਤੰਬਾਕੂ ਪੀਣਿਆਂ ਨੂੰ ਏਡਸ਼ ਦੀ ਬੀਮਾਰੀ ਛੇਤੀ

ਸਾਨ ਫ਼ਰਾਂਸਿਸਕੋ–ਏਥੇ ਚਲ ਰਹੀ ਕੌਮਾਂਤਰੀ ਏਡਸ਼ ਕਾਨਫਰੰਸ ਵਿਚ ਦਸਿਆ ਗਿਆ ਕਿ ਤੰਬਾਕੂ ਨਾ ਪੀਣ ਵਾਲਿਆਂ ਦੇ ਮੁਕਾਬਲੇ ਤੰਬਾਕੂ ਪੀਣ ਵਾਲਿਆਂ ਨੂੰ ਏਡਜ਼ ਦੀ ਨਾਮੁਰਾਦ ਤੇ ਲਾਇਲਾਜ ਬੀਮਾਰੀ ਛੇਤੀ ਲਗਦੀ ਹੈ। ਮਾਹਿਰਾਂ ਨੇ ਇਕ ਹਜ਼ਾਰ ਸਿਗਰਟ-ਪੀਣੇ ਵਿਅਕਤੀਆਂ ਦਾ ਅਧਿਐਨ ਕਰਨ ਮਗਰੋਂ ਉਪਰੋਕਤ ਸਿੱਟਾ ਕਢਿਆ ਹੈ। ਵਰਨਣ ਯੋਗ ਹੈ ਕਿ ਏਡਜ਼ ਦੀ ਬੀਮਾਰੀ, ਜਿਸ ਦੇ ਕਾਰਨ ਹੁਣ ਤਕ ੯੦ ਲੱਖ ਮੌਤਾਂ ਸੰਸਾਰ ਵਿਚ ਹੋ ਚੁੱਕੀਆਂ ਹਨ, ਲਗਾਤਾਰ ਫੈਲ ਰਹੀ ਹੈ। (ਰਾਇਟਰ) ਅਜੀਤ, ੨੩ ਜੂਨ ੧੯੯੦

www.AKJ.Org

# ਮਾਤਾ ਗੁਜਰੀ ਜੀ

[ਪ੍ਰੋ: ਅਮਰਜੀਤ ਸਿੰਘ ਜੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ]

ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿਚ ਭਾਵੇਂ ਬਹੁਤੀ ਮਹਾਨਤਾ ਪੁਰਸ਼ਾਂ ਨੂੰ ਹੀ ਦਿਤੀ ਜਾਂਦੀ ਹੈ ਪਰ ਫਿਰ ਵੀ ਸਮੇਂ ਸਮੇਂ ਕੁਝ ਇਸਤ੍ਰੀਆਂ ਅਜਿਹੀਆਂ ਪੈਦਾ ਹੋਈਆਂ ਹਨ ਜਿਹੜੀਆ ਆਪਣੇ ਮਹਾਨ ਗੁਣਾਂ ਕਰਕੇ ਉਨ੍ਹਾਂ ਧਰਮਾਂ ਵਿਚ ਸਤਿਕਾਰੀਆਂ ਗਈਆਂ ਹਨ ਤੇ ਉਨ੍ਹਾਂ ਦੇ ਨਾਮ ਉਨ੍ਹਾਂ ਧਰਮਾਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਉੱਕਰੇ ਹੋਏ ਮਿਲਦੇ ਹਨ। ਸਿੱਖ ਧਰਮ ਵਿਚ ਇਸਤ੍ਰੀ ਦਾ ਦਰਜਾ ਤੇ ਸਤਿਕਾਰ ਪੁਰਸ਼ਾਂ ਦੇ ਬਰਾਬਰ ਹੈ। ਇਸਤ੍ਰੀ ਗੁਰਦੁਆਰੇ ਜਾ ਕੇ ਮਰਦ ਦੇ ਬਰਾਬਰ ਬੈਠ ਸਕਦੀ ਹੈ, ਕਥਾ ਕੀਰਤਨ ਕਰ ਅਤੇ ਸੁਣ ਸਕਦੀ ਹੈ, ਅਰਦਾਸ ਵਿਚ ਮਰਦ ਬਰਾਬਰ ਖੜੀ ਹੋ ਸਕਦੀ ਹੈ ਅਤੇ ਜੇ ਚਾਹੇ ਤਾਂ ਮਰਦ ਜਾਤੀ ਦੀ ਅਗਵਾਈ ਵੀ ਕਰ ਸਕਦੀ ਹੈ। ਇਹੋ ਕਾਰਨ ਹੈ ਕਿ ਬੇਬੇ ਨਾਨਕੀ ਜੀ, ਬੀਬੀ ਭਾਨੀ ਜੀ ਮਾਤਾ ਗੰਗਾ ਜੀ ਅਤੇ ਮਾਈ ਭਾਗੋ ਜੀ ਆਦਿ ਅਨੇਕ ਮਹਾਨ ਨਾਰੀ-ਸ਼ਖਸੀਅਤਾਂ ਹੋਈਆਂ ਹਨ ਜਿਨ੍ਹਾਂ ਨੂੰ ਸਿੱਖ ਇਤਿਹਾਸ ਕਦੇ ਨਹੀਂ ਭੁਲ ਸਕਦਾ।

ਵਿਸ਼ਵ ਦੀਆਂ ਮਹਾਨ ਇਸਤ੍ਰੀਆਂ ਵਿਚੋਂ ਸਭ ਤੋਂ ਮਹਾਨ ਹਨ ਮਾਤਾ ਗੁਜਰੀ, ਜਿਨ੍ਹਾਂ ਦਾ ਗੁਰ-ਇਤਿਹਾਸ ਵਿਚ ਮਹੱਤਵ ਪੂਰਨ ਸਥਾਨ ਹੈ। ਉਨ੍ਹਾਂ ਦਾ ਸਾਰਾ ਜੀਵਨ ਇਕ ਮਹਾਨ ਸਤਵੰਤੀ, ਧਾਰਮਿਕ ਭਰੋਸੇ ਤੇ ਈਸ਼ਵਰ-ਭਗਤੀ ਦਾ ਜੀਵਨ ਹੈ। ਜਦੋਂ ਮਾਤਾ ਗੁਜਰੀ ਜੀ ਪਤਨੀ ਦੇ ਰੂਪ ਵਿਚ ਸਨ ਤਦੋਂ ਬਾਬੇ ਬਕਾਲੇ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਦਿਆਂ ਹੋਇਆਂ ਗਰੀਬੀ ਵਿਚ ਰਹਿ ਕੇ ਮਿਹਨਤ ਕੀਤੀ ਤੇ ਤਪੱਸਿਆ ਕਰਦੇ ਰਹੇ। ਜੇ ਲੰਮੀਆਂ ਉਡੀਕਾਂ ਤੋਂ ਬਾਅਦ ਪੁੱਤਰ ਦੀ ਦਾਤ ਪ੍ਰਾਪਤ ਹੋਈ ਤਾਂ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋ ਗਈ। ਇਸ ਤੋਂ ਬਾਅਦ ਜੇਕਰ ਕੁਝ ਸੁਖ ਵੇਖਿਆ ਤਾ ਅਚਾਨਕ ਇਕ ਤੂਫ਼ਾਨ ਆਇਆ, ਨਾ ਰਾਜ ਰਿਹਾ, ਨਾ ਘਰ ਰਿਹਾ, ਸਗੋਂ ਰਾਤ ਦੇ ਹਨੇਰੇ ਵਿਚ ਅਨੰਦਪੁਰ ਸਾਹਿਬ ਛਡਣਾ ਪਿਆ, ਪਰ ਮਾਤਾ ਗੁਜਰੀ ਜੀ ਜੀਵਨ ਦੀਆਂ ਇਹਨਾਂ ਸਾਰੀਆਂ ਦਰਦਨਾਕ ਘਟਨਾਵਾ ਵਿਚ ਵਿਚਰਦੇ ਰਹੇ ਅਤੇ ਪੂਰੀ ਸਿਦਕ-ਦਿਲੀ ਦਾ ਸਬੂਤਾ ਦਿਤਾ।

ਅਜਿਹੀ ਮਹਾਨ ਤੇ ਦਲੇਰ ਸ਼ਖਸੀਅਤ ਮਾਤਾ ਗੁਜਰੀ ਜੀ ਦਾ ਜਨਮ ਜ਼ਿਲਾ ਜਲੰਧਰ ਦੇ ਇਤਿਹਾਸਕ ਕਸਬੇ ਕਰਤਾਰਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਲਾਲ ਚੰਦ ਸੀ, ਜੋ ਸੁਭਿਖੀਏ ਖਤ੍ਰੀ ਜ਼ਾਤ ਦੇ ਸਨ। ਮਾਤਾ ਗੁਜਰੀ ਜੀ ਦੇ ਜਨਮ ਸੰਬੰਧੀ ਕੋਈ ਪੱਕੀ ਤਰੀਕ ਨਹੀਂ ਮਿਲਦੀ। ਆਪ ਜੀ ਦੀ ਜਨਮ-ਮਿਤੀ ਸੰਬੰਧੀ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ। 'ਮਾਤਾ ਤੂੰ ਮਹਾਨ' ਪੁਸਤਕ ਵਿਚ ਜਸਵੰਤ ਸਿੰਘ ਵਿਰਦੀ ਨੇ ਆਪ ਜੀ ਦੀ ਜਨਮ-ਮਿਤੀ ੧੬੨੭ ਈ: ਮੰਨੀ ਹੈ।* ਪਰ ਇਹ ਮਿਤੀ ਵੀ ਠੀਕ ਨਹੀਂ। ਆਪ ਜੀ ਦੇ ਜਨਮ ਦੇ ਸੰਬੰਧ ਵਿਚ ਆਪ ਦੇ ਵਿਆਹ ਤੋਂ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ। ਮਹਾਨ ਕੋਸ਼ ਵਿਚ ਭਾਈ ਕੈਨ੍ਹ ਸਿੰਘ ਨਾਭਾ ਨੇ ਆਪ ਜੀ ਦੇ ਵਿਆਹ ਦਾ ਸੰਮਤ ੧੫ ਅੱਸੂ, ੧੬੯੬ ਬਿ: ਮੰਨਿਆ ਹੈ। ਪਰ ਜ਼ਿਆਦਾ ਇਤਿਹਾਸਕਾਰ ਵਿਆਹ ਦੀ ਤਰੀਕ ੧੫ ਅੱਸੂ ੧੬੮੯ ਬਿ: ਨੂੰ ਹੀ ਸਵੀਕਾਰ ਕਰਦੇ ਹਨ। ਵਿਆਹ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਉਮਰ ੧੧ ਸਾਲ ਸੀ ਅਤੇ ਮਾਤਾ ਗੁਜਰੀ ਜੀ ਦੀ ਉਮਰ ੭-੮ ਸਾਲ ਸੀ। ਇਸ ਪ੍ਰਕਾਰ ਆਪ ਦਾ ਜਨਮ ੧੬੨੩-੨੪ ਈ: ਦੇ ਨੇੜੇ-ਤੇੜੇ ਮੰਨਿਆ ਜਾ ਸਕਦਾ ਹੈ।

ਮਾਤਾ ਗੁਜਰੀ ਜੀ ਦਾ ਵਿਆਹ ਦਲਭੰਜਨ ਗੁਰ ਸੂਰਮਾ ਦੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਨਾਲ ੧੫ ਅੱਸੂ ਸੰਮਤ ੧੬੮੯ ਬਿ: ਨੂੰ ਕਰਤਾਰਪੁਰ ਵਿਖੇ ਹੋਇਆ। ਮਾਤਾ ਗੁਜਰੀ ਜੀ ਨੇ ਆਪਣੇ ਵਿਆਹ ਤੋਂ ਬਾਅਦ ਕੁਝ ਸਾਲ ਰਾਮਦਾਸ (ਅੰਮ੍ਰਿਤਸਰ) ਵਿਖੇ ਬਿਤਾਏ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਮਾਤਾ ਗੁਜਰੀ ਜੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਨਾਨਕੇ ਪਿੰਡ ਬਕਾਲੇ ਚਲੇ ਗਏ। ਇਥੇ ਗੁਰੂ ਤੇਗ

* ਜਸਵੰਤ ਸਿੰਘ ਵਿਰਦੀ, 'ਮਾਤਾ ਤੂੰ ਮਹਾਨ', ਪੰਨਾ ੬੪।



www.AKJ.Org

ਬਹਾਦਰ ਜੀ ਨੇ ਲਗਾਤਾਰ ਕਈ ਸਾਲ ਭਗਤੀ ਕੀਤੀ। ਗੁਰੂ ਸਾਹਿਬ ਦਿਨੇ ਰਾਤ ਤਪ ਕਰਦੇ ਰਹਿੰਦੇ ਸਨ ਅਤੇ ਮਾਤਾ ਗੁਜਰੀ ਜੀ ਹਰ ਵੇਲੇ ਗੁਰੂ ਸਾਹਿਬ ਦੀ ਸੇਵਾ ਵਿਚ ਲਗੇ ਰਹਿੰਦੇ ਸਨ। ਮਾਤਾ ਗੁਜਰੀ ਜੀ ਨੇ ਪਤੀ-ਭਗਤੀ ਵਿਚ ਇਕ ਨਵੀਂ ਸਿਖਰ ਛੋਹੀ ਹੈ। ਇਤਨਾ ਹੀ ਨਹੀਂ ਕਿ ਆਪ ਜੀ ਨੇ ਪਤੀ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ, ਸਗੋਂ ਜੀਵਨ ਦਾ ਨਿਸ਼ਾਨਾ ਵੀ ਉਹ ਹੀ ਮਿਥ ਲਿਆ, ਰਸਤਾ ਵੀ ਉਹ ਹੀ ਅਪਣਾ ਲਿਆ, ਜੋ ਉਨ੍ਹਾਂ ਦੇ ਪਤੀ ਨੇ ਅਪਣਾਇਆ ਹੈ।

ਇਸਤ੍ਰੀ ਦੇ ਸੁਭਾਅ ਵਿਚ ਕੁਦਰਤ ਨੇ ਮਾਂ ਬਣਨ ਦੀ ਇਛਿਆ ਸਭ ਤੋਂ ਪ੍ਰਬਲ ਰੱਖੀ ਹੈ। ਬੱਚੇ ਤੋਂ ਬਿਨਾਂ ਮਾਂ ਆਪਣਾ ਜੀਵਨ ਅਧੂਰਾ ਤੇ ਨਿਸਫਲ ਸਮਝਦੀ ਹੈ। ਪਰ ਮਾਤਾ ਗੁਜਰੀ ਦੇ ਜੀਵਨ ਤੇ ਝਾਤੀ ਮਾਰਿਆਂ ਪਤਾ ਲਗਦਾ ਹੈ ਕਿ ਆਪ ਜੀ ਨੇ ਇਸ ਅਤਿ ਭਾਵੁਕ ਮਾਮਲੇ ਦੇ ਸੰਬੰਧ ਵਿਚ ਵੀ ਬੜੇ ਸਬਰ ਅਤੇ ਠਰ੍ਹੰਮੇ ਤੋਂ ਕੰਮ ਲਿਆ। ਜਦੋਂ ਆਪ ਜੀ ਦਾ ਵਿਆਹ ਹਇਆ ਤਾਂ ਆਪ ਜੀ ਦੀ ਉਮਰ ੭-੮ ਸਾਲ ਸੀ ਤੇ ਜਦੋਂ ਆਪ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ ਤਾਂ ਆਪ ਦੀ ਉਮਰ ੪੨ ਸਾਲ ਦੀ ਸੀ। ਪਰ ਇਸ ਦੇ ਨਾਲ ਹੀ ਮਾਤਾ ਗੁਜਰੀ ਜੀ ਦੀਆਂ ਪ੍ਰਵਾਰਕ ਜ਼ਿੰਮੇਵਾਰੀਆਂ ਵੀ ਵੱਧ ਗਈਆਂ, ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਉਸ ਸਮੇਂ ਅਸਾਮ ਦੇ ਪ੍ਰਚਾਰ-ਦੌਰੇ ਤੇ ਗਏ ਹੋਏ ਸਨ। ਜੋ ਇਸਤ੍ਰੀ ਮਾਂ ਬਣ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਸਮਝਦੀ, ਜਾਂ ਸਮਝਦੀ ਹੋਈ ਵੀ ਉਨ੍ਹਾਂ ਨੂੰ ਨਹੀਂ ਨਿਭਾਉਂਦੀ, ਉਹ ਅਧੂਰੀ ਮਾਂ ਹੈ। ਬੱਚੇ ਦੀ ਜੀਵਨ-ਉਸਾਰੀ ਵਿਚ ਮਾਂ ਬਹੁਤ ਵੱਡਾ ਹੱਥ ਹੁੰਦਾ ਹੈ। ਬੱਚਾ ਉਹੋ ਜਿਹਾ ਹੀ ਮਨੁੱਖ ਬਣਦਾ ਹੈ ਜਿਹੋ ਜਿਹਾ ਮਾਂ ਉਸ ਨੂੰ ਬਣਾਉਂਦੀ ਹੈ। ਮਾਤਾ ਗੁਜਰੀ ਜੀ ਨੇ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਬੜੀ ਸੁਘੜਤਾ ਤੇ ਸਿਦਕ ਨਾਲ ਨਿਭਾਇਆ। ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਨੂੰ ਉਹੋ ਜਿਹਾ ਬਣਾਇਆ ਜਿਹੋ ਜਿਹੀ ਸ਼ਖਸੀਅਤ ਦੀ ਉਸ ਵੇਲੇ ਸਮਾਜ ਨੂੰ ਲੋੜ ਸੀ।

ਮਾਤਾ ਗੁਜਰੀ ਜੀ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਪਾ ਕੇ (ਗੁਰੂ) ਗੋਬਿੰਦ ਸਿੰਘ ਜੀ ਤੇ ਪਰਵਾਰ ਦੇ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਪਟਨਾ ਸਾਹਿਬ ਤੋਂ ਚਲ ਕੇ ਲੰਮੀ ਯਾਤਰਾ ਦੇ ਪਿਛੋਂ ਅਨੰਦਪੁਰ ਸਾਹਿਬ ਪੁਜੇ। ਅਨੰਦਪੁਰ ਸਾਹਿਬ ਪੁੱਜ ਕੇ (ਗੁਰੂ) ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ।

ਇਸ ਤੋਂ ਬਾਅਦ ਦਾ ਸਮਾਂ ਮਾਤਾ ਗੁਜਰੀ ਜੀ ਦੇ ਜੀਵਨ ਵਿਚ ਇਕ ਕਠਿਨ ਪ੍ਰੀਖਿਆ ਦਾ ਸਮਾਂ ਹੈ ਇਹੋ ਜਿਹੇ ਮੁਸ਼ਕਲਾਂ ਅਤੇ ਬਖੇੜਿਆਂ ਭਰੇ ਸਮੇਂ ਵਿਚ ਵੱਡੇ ਵੱਡੇ ਮਨੁੱਖ ਵੀ ਡੋਲ ਜਾਂਦੇ ਹਨ, ਪਰ ਧਨ ਹੈ ਮਾਤ ਗੁਜਰੀ, ਜਿਨ੍ਹਾਂ ਨੇ ਸਾਰੀਆਂ ਮੁਸੀਬਤਾਂ ਦਾ ਟਾਕਰਾ ਬੜੀ ਦਲੇਰੀ ਤੇ ਖਿੜੇ ਮੱਥੇ ਕੀਤਾ। ੧੭੩੨ ਬਿ: ਨੂੰ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਤੋਂ ਬਲੀਦਾਨ ਦੇਣ ਵਾਸਤੇ ਚਲੇ। ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ੯ ਸਾਲ ਦੀ ਹੈ। ਇਸ ਸਮੇਂ ਸ਼ਰੀਕ ਸੋਢੀ ਗੁਰੂ ਘਰ ਦੇ ਦੁਸ਼ਮਣ ਹਨ। ਮਾਤਾ ਗੁਜਰੀ ਜੀ ਸਮਝਦੇ ਸਨ ਕਿ ਰਾਮਰਾਏ, ਧੀਰਮਲ ਤੇ ਪ੍ਰਿਥੀ ਚੰਦ ਦੀ ਔਲਾਦ ਦਾਅ ਲਗਣ ਤੇ ਹਰ ਤਰ੍ਹਾਂ ਦਾ ਵਿਰੋਧ ਕਰੇਗੀ। ਪਰ ਆਪ ਘਬਰਾਏ ਨਹੀਂ। ਸੰਸਾਰ ਦੀ ਕੋਈ ਵੀ ਔਰਤ ਆਪਣੇ ਪਤੀ ਦਾ ਵਿਛੋੜਾ ਨਹੀਂ ਸਹਿਣ ਕਰ ਸਕਦੀ, ਪਰ ਗੁਰੂ ਤੇਗ ਬਹਾਦਰ ਸਾਹਿਬ ਤਾਂ ਸ਼ਹੀਦ ਹੋਣ ਵਾਸਤੇ ਜਾ ਰਹੇ ਸਨ। ਇਹ ਵਿਦਾਇਗੀ ਮਾਤਾ ਗੁਜਰੀ ਜੀ ਨੇ ਕਿਸ ਹੌਸਲੇ ਨਾਲ ਸਹਾਰੀ ਹੋਵੇਗੀ, ਇਸ ਬਾਰੇ ਕੇਵਲ ਕਿਆਸ ਹੀ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪੁਜਿਆ ਤਾਂ ਉਸ ਵੇਲੇ ਮਾਤਾ ਗੁਜਰੀ ਜੀ ਨੇ ਸੰਸਾਰੀਆਂ ਵਾਂਗ ਪਿਟ-ਸਿਆਪਾ ਨਹੀਂ ਪਾਇਆ, ਸਗੋਂ ਜਦੋਂ ਆਪਣੇ ਗੁਰਦੇਵ ਪਤੀ ਦਾ ਲਹੂ-ਲੁਹਾਨ ਸੀਸ ਮਾਤਾ ਗੁਜਰੀ ਜੀ ਦੀ ਝੋਲੀ ਵਿਚ ਆ ਟਿਕਿਆ ਤਾਂ ਆਪ ਨੇ ਵਡੇ ਜੇਰੇ ਤੇ ਜਿਗਰੇ ਨਾਲ ਆਪਣੇ ੯ ਸਾਲ ਦੇ ਪੁਤਰ ਗੁਰੂ ਗੋਬਿੰਦ ਸਿੰਘ ਨੂੰ ਉਸ ਕਰਤਵ ਲਈ ਤਿਆਰ ਕੀਤਾ ਜੋ ਗੁਰੂ ਨਾਨਕ ਸਾਹਿਬ ਦੇ ਲਗਾਏ ਪੌਦੇ ਦਾ ਸਿਖਰ ਸੀ। ਇਸ


www.AKJ.Org

ਮੌਕੇ ਆਪ ਜੀ ਨੇ ਗੁਰਬਾਣੀ ਦੀ ਓਟ ਆਸਰਾ ਲਿਆ ਤੇ ਪ੍ਰਭੂ ਭਾਣੇ ਨੂੰ ਮਿੱਠਾ ਕਰਕੇ ਮੰਨਿਆ—

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥ (ਪੰਨਾ ੩੯੪)

ਮਾਤਾ ਗੁਜਰੀ ਜੀ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਹਨਾਂ ਦੇ ਜੀਵਨ ਦੀਆਂ ਦੁਖਾਂਤਕ ਘਟਨਾਵਾਂ ਦਾ ਅਜੇ ਅੰਤ ਨਹੀਂ ਸੀ ਹੋਇਆ, ਸਗੋਂ ਇਹ ਤਾਂ ਇਕ ਸ਼ੁਰੂਆਤ ਹੈ। ਪਰ ਉਹਨਾਂ ਨੇ ਆਪਣੇ ਮਨ ਵਿਚ ਕਿਸੇ ਕਿਸਮ ਦੀ ਵੀ ਕਮਜ਼ੋਰੀ ਨਹੀਂ ਆਉਣ ਦਿੱਤੀ। ਫਿਰ ਜ਼ਿੰਦਗੀ ਦਾ ਉਹ ਮੌਕਾ ਵੀ ਆ ਗਿਆ ਜਦੋਂ ਕਿ ਮਾਤਾ ਗੁਜਰੀ ਜੀ ਨੂੰ ਪਰਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਟੁਰਨਾ ਪਿਆ। ਦਸੰਬਰ ੧੭੦੪ ਈ: ਦੀ ਕਾਲੀ ਬੋਲੀ ਰਾਤ ਸੀ ਅਤੇ ਸਰਸਾ ਨਦੀ ਦਾ ਪਾਣੀ ਤੇਜ਼ ਵਰਖਾ ਕਾਰਨ ਠਾਠਾਂ ਮਾਰ ਰਿਹਾ ਸੀ। ਮਾਤਾ ਗੁਜਰੀ ਜੀ ਇਥੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਪਰਵਾਰ ਤੋਂ ਵਿਛੜ ਗਏ, ਪਰ ਉਹ ਧੋਖੇ ਤੇ ਗੰਗੂ ਬ੍ਰਾਹਮਣ ਦੀ ਗ਼ਦਾਰੀ ਨਾਲ ਸੂਬਾ ਸਰਹੰਦ ਕੋਲ ਪਕੜਾ ਦਿਤੇ ਗਏ।

ਇਸ ਬਿਖੜੇ ਸਮੇਂ ਵੀ ਜਦੋਂ ਮਾਤਾ ਗੁਜਰੀ ਜੀ ਨੂੰ ਦੋ ਕੋਮਲ ਜਿੰਦੜੀਆਂ, ੭ ਤੇ ੯ ਸਾਲ ਦੇ ਪੋਤਰਿਆਂ ਨੂੰ ਧਰਮ ਦੇ ਇਮਤਿਹਾਨ ਵਿਚੋਂ ਲੰਘਣ ਲਈ ਤਿਆਰ ਕਰਨਾ ਪਿਆ ਤਾਂ ਆਪ ਨੇ ਕਮਜ਼ੋਰੀ ਨਹੀਂ ਦਿਖਾਈ, ਸਗੋਂ ਚੜ੍ਹਦੀ ਕਲਾ ਵਿਚ ਰਹਿੰਦਿਆਂ ਉਹਨਾਂ ਨੂੰ 'ਸੀਸੁ ਜਾਇ ਪਰ ਸਿਰਰੁ ਨ ਜਾਇ' ਦਾ ਸਬਕ ਪੜ੍ਹਾਇਆ, ਤੇ ਉਹ ਇਸ ਉਪਦੇਸ਼ ਦੇ ਸਦਕਾ ਹੱਸਦਿਆਂ ਹੱਸਦਿਆਂ ਧਰਮ ਤੋਂ ਆਪਾ ਵਾਰ ਗਏ।

ਮਾਤਾ ਗੁਜਰੀ ਜੀ ਬਾਰੇ ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਉਹ ਇਹ ਸਦਮਾ ਨਾ ਸਹਾਰ ਸਕੇ ਅਤੇ ਬੁਰਜ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ।

ਮਾਤਾ ਗੁਜਰੀ ਜੀ ਦੇ ਅੰਤਮ ਸਮੇਂ ਬਾਰੇ ਬਹੁਤ ਸਾਰੇ ਵਿਦਵਾਨ ਤੇ ਇਤਿਹਾਸਕਾਰ ਇਹ ਟਪਲਾ ਖਾ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ, ਕਿ ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਦੇਹ ਤਿਆਗ ਕੇ ਗੁਰਪੁਰੀ ਸਿਧਾਰ ਗਏ।

ਡਾ: ਗੰਡਾ ਸਿੰਘ ਤੇ ਤੇਜਾ ਸਿੰਘ ਸਿੱਖ ਇਤਿਹਾਸ ਵਿਚ ਲਿਖਦੇ ਹਨ, ਕਿ ਦਾਦੀ ਜੀ ਬੱਚਿਆਂ ਦੀ ਮੌਤ ਦਾ ਸਦਮਾ ਨਾ ਝਲ ਸਕੇ ਅਤੇ ਮੌਤ ਦੀ ਖ਼ਬਰ ਸੁਣਦਿਆਂ ਹੀ ਉਹਨਾਂ ਨੇ ਆਪਣੇ ਸਵਾਸ ਤਿਆਗ ਦਿਤੇ।* ਪਰ ਇਹੋ ਜਿਹੀਆਂ ਗੱਲਾਂ ਮਾਤਾ ਗੁਜਰੀ ਜੀ ਦੇ ਸਮੁਚੇ ਜੀਵਨ ਨੂੰ ਧਿਆਨ ਵਿਚ ਰੱਖਦਿਆਂ ਠੀਕ ਨਹੀਂ ਜਾਪਦੀਆਂ।

ਮਾਤਾ ਗੁਜਰੀ ਜੀ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਪੂਰੇ ਸਬਰ-ਸੰਤੋਖ ਵਿਚ ਰਹਿ ਕੇ ਝੱਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਬਰ-ਜ਼ੁਲਮ ਵਿਰੁਧ ਉਠਾਈ ਤਲਵਾਰ ਦੀ ਉਹਨਾਂ ਹਮੇਸ਼ਾ ਪ੍ਰਸੰਸਾ ਕੀਤੀ ਸੀ। ਅਨੰਦਪੁਰ ਸਾਹਿਬ ਵਿਚ ਕਠਨਾਈ ਵਾਲੇ ਸਮੇਂ ਨੂੰ ਸਹਿਜੇ ਹੀ ਝੱਲਿਆ ਸੀ। ਇਸ ਤੋਂ ਵੀ ਵਧ ਉਹ ਹਰ ਰੋਜ਼ ਆਪ ਹੀ ਤਾਂ ਬੱਚਿਆਂ ਨੂੰ ਧਰਮ ਉਤੋਂ ਕੁਰਬਾਨ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ। ਜਿਸ ਕਾਰਜ ਲਈ ਉਹ ਬੱਚਿਆਂ ਨੂੰ ਆਪ ਹੀ ਤਿਆਰ ਕਰ ਰਹੇ ਸਨ ਤਾਂ ਫਿਰ ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗਾ ਹੋਵੇਗਾ ਕਿ ਬੱਚਿਆਂ ਨੇ ਧਰਮ ਛਡਣ ਨਾਲੋਂ ਮੌਤ ਨੂੰ ਤਰਜੀਹ ਦਿੱਤੀ ਹੈ ਅਤੇ ਸ਼ਹੀਦੀਆਂ ਪ੍ਰਾਪਤ ਕਰ ਗਏ ਹਨ ਤਾਂ ਉਸ ਸਮੇਂ ਤਾਂ ਮਾਤਾ ਗੁਜਰੀ ਜੀ ਨੇ ਪਰਮਾਤਮਾ ਦਾ ਸ਼ੁਕਰ ਕੀਤਾ ਹੋਵੇਗਾ ਅਤੇ ਖੁਸ਼ ਹੋਏ ਹੋਣਗੇ। ਇਤਨੀ ਦਲੇਰ, ਬਹਾਦਰ ਇਸਤ੍ਰੀ ਅਤੇ ਸਰਬ-ਸੰਸਾਰ ਨੂੰ ਸੂਰਮਗਤੀ ਦੀ ਪ੍ਰੇਰਨਾ ਦੇਣ ਵਾਲੀ ਮਾਤ ਗੁਜਰੀ ਜੀ ਆਤਮ-ਹੱਤਿਆ ਕਿਵੇਂ ਕਰ ਸਕਦੇ ਹਨ ? ਇਹ ਸਾਡੀ ਸਮਝ ਤੋਂ ਬਾਹਰੀ ਗੱਲ ਹੈ।

---

* ਤੇਜਾ ਸਿੰਘ ਗੰਡਾ ਸਿੰਘ, 'ਸਿਖ ਇਤਿਹਾਸ', ਪੰਨਾ ੮੭

# ਗੋਦਾਵਰੀ ਤੋਂ ਪੁੱਛ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ੯੬-ਬਜਈ ਰੋਡ, ਗੁੜਗਾਉਂ]

(ਸੁਚਖੰਡ ਸ੍ਰੀ ਹਜ਼ੂਰ ਸਾਹਿਬ, ਨਾਦੇੜ ਵਿਖੇ ੧੦-੫-੯੧ ਨੂੰ ਗੋਦਾਵਰੀ ਕੰਢੇ ਲਿਖੀ ਗਈ)

ਮਿਹਰ ਨਦਰ ਦੇ ਨਾਲ ਨਿਹਾਲ ਹੋਈ, ਨੀ ਗੋਦਾਵਰੀ ! ਦੱਸ ਕੁਝ ਬੋਲ ਕੇ ਤੇ।
ਕਲਗੀ ਵਾਲੇ ਨੂੰ ਕਿਵੇਂ ਰਿਝਾ ਲਿਆ ਤੂੰ, ਨੀ ਲਟਬਰੂੇਤੀਏ ! ਦੱਸ ਕੁਝ ਖੋਲ੍ਹ ਕੇ ਤੇ ?
ਤੈਨੂੰ ਕਿਵੇਂ ਉਸ ਆਣ ਪਵਿਤ੍ਰ ਕੀਤਾ, ਭੱਜੀ ਜਾਂਦੀ ਨਾ ਕੁਝ ਵੀ ਦੱਸਨੀ ਏਂ ?
ਨਾ ਦੱਸ, ਜੇ ਗੱਲ ਕੁਈ ਰਾਜ਼ ਦੀ ਏ, ਕਾਹਲੀ ਹੋ ਕੇ ਏਦਾਂ ਕਿਉਂ ਨਸਨੀ ਏਂ ?
ਦਿੱਸਨ ਤੇਰੇ ਤਰੰਗਾਂ ਵਿਚ ਅਕਸ ਉਹਦੇ, ਸਾਂਝੀ ਬੈਠੇ ਨੇ ਜਾਹੋ-ਜਮਾਲ ਉਹਦਾ।
ਤੇਰੇ ਕੰਢਿਆਂ ਤੇ ਉਸ ਆਨੰਦ ਮਾਣੇ, ਜ਼ੱਰੇ ਜ਼ੱਰੇ ਵਿਚ ਜ਼ਾਹਿਰ ਜਮਾਲ ਉਹਦਾ।
ਤੇਰੇ ਪਾਣੀਆਂ ਵਿਚੋਂ ਪਈ ਨਜ਼ਰ ਆਵੇ, ਅਜ ਵੀ ਮੈਨੂੰ ਅਕਾਲੀ ਤਸਵੀਰ ਓਹਦੀ।
ਸ਼ੋਭਾ ਪਾਉਂਦੀ ਗਾਤਰੇ ਵਿਚ ਦਿੱਸੇ, ਲਟਕੀ ਕਮਰ ਦੇ ਨਾਲ ਸ਼ਮਸ਼ੀਰ ਓਹਦੀ।
ਕਢ ਕੇ 'ਮੂਲੇ' ਨੂੰ ਸਹੇ ਦੀ ਜੂਨ ਵਿੱਚੋਂ, ਦੱਸ ਓਸਦਾ ਕਿਵੇਂ ਉਧਾਰ ਕੀਤਾ ?
ਉਹ ਅਸਥਾਨ[1] ਅਜ ਜਗਤ-ਪ੍ਰਸਿਧ ਹੋਇਆ ਜਿੱਥੇ ਤੀਰ ਦੇ ਨਾਲ ਸ਼ਿਕਾਰ ਕੀਤਾ।
ਅੱਖਾਂ ਨਾਲ ਤੂੰ ਸਾਰਾ ਕੁਝ ਵੇਖਿਆ ਏ, ਸਾਧੂ ਬੰਦੇ ਦੀ ਜਿਵੇਂ ਤਾਸੀਰ ਬਦਲੀ।
ਜਾਗੀ ਬੀਰਤਾ ਉਹਦੀ ਰਗ ਰਗ ਅੰਦਰ, ਸੁੱਤੀ ਓਸਦੀ ਜਿਵੇਂ ਤਕਦੀਰ ਬਦਲੀ।
ਪਾਣ ਲਾ ਕੇ ਹਿਰਦੇ ਨੂੰ ਬੀਰਤਾ ਦੀ, ਦਿੱਤਾ ਅੰਮ੍ਰਿਤ-ਆਬ, ਤੂੰ ਤੱਕਿਆ ਏ।
ਪੰਜ ਤੀਰ ਦੇ ਕੇ ਪੰਜ ਬੀਰ ਸਾਥੀ, ਜਿਵੇਂ ਘਲਿਆ ਪੰਜਾਬ, ਤੂੰ ਤੱਕਿਆ ਏ।
ਏਥੇ ਸ਼ਖ਼ਸੀ ਗੁਰਿਆਈ ਨੂੰ ਖ਼ਤਮ ਕਰ ਕੇ, ਬਾਣੀ ਗੁਰੂ ਨੂੰ ਸੀਸ ਨਿਵਾਇਆ ਸੀ।
ਸਾਰੇ ਪੰਥ ਨੂੰ ਗ੍ਰੰਥ ਦੇ ਲੜ ਲਾ ਕੇ, ਸ੍ਰੀ ਮੁਖ ਤੋਂ ਏਦਾਂ ਫੁਰਮਾਇਆ ਸੀ:
ਮੇਰੇ ਨਾਲ ਜੇ ਕਿਸੇ ਨੇ ਗੱਲ ਕਰਨੀ, ਗੁਰੂ ਗ੍ਰੰਥ ਵਿਚ ਮੇਰਾ ਜ਼ਹੂਰ ਵੇਖੇ।
ਪਾਹੁਲ ਖੰਡੇ ਦੀ ਪੰਜਾਂ ਪਿਆਰਿਆਂ ਤੋਂ ਲੈ, ਹੀਏ ਅੰਦਰ ਮੇਰਾ ਨੂਰ ਵੇਖੇ।
ਦਰਸ਼ਨ ਕਰ ਕਰ ਤੂੰ ਜੇਹੜੇ ਆਨੰਦ ਮਾਣੇ, ਦਸ ਗੋਦਾਵਰੀ ਕੁਝ ਕਹਾਣੀਆਂ ਨੀ।
ਲਹਿਰੇ ਲਏ ਤੇਰੀ ਲਹਿਰ ਲਹਿਰ ਵਿਚ ਉਸ, ਜਿਵੇਂ ਤੈਨੂੰ ਸੁਣਾਈਆਂ ਬਾਣੀਆਂ ਨੀ।
ਲੱਖਾਂ ਹੀਰੇ ਨਗੀਨੇ ਵਿਖਾ ਕੇ ਤੇ, ਸ਼ਾਹ[2] ਦਾ ਤੋੜਿਆ ਕਿਬਰ ਗੁਮਾਨ ਏਥੇ।
ਰਲੀ ਜੋਤ ਅੰਦਰ ਜਿਵੇਂ ਜੋਤ ਜਾ ਕੇ, ਜਦੋਂ ਆਇਆ ਇਲਾਹੀ ਫ਼ੁਰਮਾਨ ਏਥੇ।
ਪੈਂਦੇ ਝਾਉਲੇ ਅਜ ਵੀ ਦਸਮੇਸ਼ ਸੋਹਣਾ, ਟਹਿਲ ਰਿਹਾ ਏ ਤੇਰੇ ਕਿਨਾਰਿਆਂ ਤੇ।
ਦਿਸਦੇ ਤੇਰੇ ਤਰੰਗ ਕਲੋਲ ਕਰਦੇ, 'ਮਿੱਤਰ' ਮਾਹੀ ਦੇ ਰੱਬੀ ਇਸ਼ਾਰਿਆਂ ਤੇ।

---

੧ ਸ਼ਿਕਾਰ-ਘਾਟ। ੨ ਬਹਾਦਰ ਸ਼ਾਹ।

---

# ਗੁਰੂ-ਚਰਨਾਂ ਦੇ ਆਸ਼ਕ ਗੁਰਸਿਖੋ !

'ਸੂਰਾ' ਦੇ ਪ੍ਰੇਮੀ ਗੁਰਸਿਖ ਵੀਰੋ/ਭੈਣੋ ! 'ਸੂਰਾ ਨੂੰ ਚੜ੍ਹਦੀਆਂ ਕਲਾਂ ਵਿਚ ਰਖਣ ਲਈ ਇਸ ਦੇ ਮੈਂਬਰਾਂ ਵਿਚ ਵਾਧਾ ਕਰੋ। ਹਰੇਕ ਗੁਰਸਿਖ ਦੋ ਦੋ ਨਵੇਂ ਮੈਂਬਰਾਂ ਦੇ ਚੰਦੇ ਭਿਜਵਾ ਕੇ ਗੁਰਸਿੱਖੀ ਪਿਆਰ ਨੂੰ ਰੰਗ ਲਾਵੇ ਜੀ।



www.AKJ.Org

# ਛਟਮ ਪੀਰ ਅਤੇ ਇਕ ਘਾਹੀ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ 14, ਰੋਹਣੀ, ਦਿਲੀ-85]

ਜਹਾਂਗੀਰ ਦੇ ਸੀਨੇ ਖਿਚ ਸੀ ਡੂੰਘੀ ਸੁੰਦਰ ਨੂਰੀ ਨਜ਼ਾਰੇ ਦੀ । ਰਹਿੰਦੀ ਸੀ ਭਰਪੂਰ ਸਦਾ ਗੁਰੂ ਹਰਿਗੋਬਿੰਦ ਪਿਆਰੇ ਦੀ
ਪਿਆਰ ਦਾ ਖਿਚਿਆ ਹੋਇਆ ਤਾਂਘਾਂ ਦੇ ਵਿਚ ਰਹਿੰਦਾ ਸੀ । ਨਾਲ ਲਿਜਾਵਣ ਲਈ ਹਰ ਥਾਂ ਹਰ ਸਮੇਂ ਹੀ ਕਹਿੰਦਾ ਸੀ
ਆਗਰੇ ਜਾਂਦੇ ਨਾਲ ਲੈ ਗਿਆ ਨਾਲ ਅਦਬ ਸਤਿਕਾਰ ਬੜੇ। ਖਿੜ ਗਿਆ ਅੰਦਰ ਫੁਲਾਂ ਵਾਂਗੂ ਰੂਹ ਨੂੰ ਮਿਲੇ ਹੁਲਾਰ ਬੜੇ
ਆਗਰੇ ਪੁਜਣ ਉਤੇ ਸੰਗਤਾਂ ਹੁਮ ਹੁਮਾ ਕੇ ਆ ਗਈਆਂ । ਪੁਹ-ਫੁਟਾਲਾ ਹੋਵਣ ਤੇ ਜਿਉਂ ਲਾਲੀਆਂ ਹੋਵਣ ਛਾ ਗਈਆਂ
ਆਸਾਂ ਸਿਦਕ ਭਰੇਜੇ ਰੰਗੀਆਂ ਕਲੀਆਂ ਵਾਂਗ ਮੁਸਕਾਈਆਂ ਨੇ। ਛਟਮ ਪੀਰ ਦੇ ਮਿਠੇ ਚਾਨਣ ਕਰ ਦਿਤੀਆਂ ਰੁਸ਼ਨਾਈਆਂ ਨੇ
ਉਮਡ ਉਮਡ ਕੇ ਲੋਕੀਂ ਆਵਣ ਵਿਚ ਸ਼ਰਧਾ ਤੇ ਪਿਆਰ ਬੜੇ । ਭੇਟ ਭੇਟਾਂਵਾਂ ਕੀਮਤੀ ਲਿਆਵਣ ਨਾਲ ਸਤਿਕਾਰ ਬੜੇ
ਸਚੇ ਪਾਤਸ਼ਾਹ ! ਮਿਹਰ ਤੁਹਾਡੀ ਚਾਹੀਦੀ ਏ ਹਰ ਵੇਲੇ ਜੀ । ਨਜ਼ਰ ਸੁਵੱਲੀ ਤੁਹਾਡੀ ਹੀ ਨੇ ਕਰਨੇ ਕੰਮ ਸੁਹੇਲੇ ਜੀ
ਸੁਣ ਸੁਣ ਕੇ ਮਨ ਜਹਾਂਗੀਰ ਦਾ ਭੰਬਲ ਭੂਸੇ ਖਾਂਦਾ ਏ । ਮੈਂ ਹਾਂ ਬਾਦਸ਼ਾਹ, ਮੈਨੂੰ ਕੋਈ ਇਸਤਰ੍ਹਾਂ ਨਾ ਆਂਹਦਾ ਏ
ਸੁਣ ਕੇ ਸਤਿਗੁਰ ਕਹਿਆ, ਸ਼ਾਹਾ, ਇਕ ਦਿਨ ਐਸਾ ਆਇਗਾ । ਭਰਮ ਭੁਲੇਖਾ ਦੂਰ ਤੁਹਾਡਾ, ਆਪੇ ਹੀ ਹੋ ਜਾਇਗਾ

ਸੋਭ ਰਹੇ ਵਿਚ ਤੰਬੂ ਅਪਣੇ ਇਕ ਦਿਨ ਗੁਰੂ ਪਿਆਰੇ ਜੀ । ਜਹਾਂਗੀਰ ਵੀ ਅਪਣੇ ਅੰਦਰ ਬੈਠਾ ਪਿਆ ਲਵੇ ਨਜ਼ਾਰੇ ਜੀ ।
ਘਾਹੀ ਇਕ ਗ਼ਰੀਬ ਨਿਮਾਣਾ ਦਰਸ਼ਨ ਦੇ ਲਈ ਆਇਆ ਏ । ਸਚੇ ਸ਼ਾਹ ਨੂੰ ਮਿਲਣੇ ਲਈ ਮਨ ਬੜਾ ਤਰਸਾਇਆ ਏ
ਬਿਨਾਂ ਪਾਣੀ ਜਿਉਂ ਮੱਛੀ ਤੜਫੇ ਇਉਂ ਮਨ ਡਾਢਾ ਕਾਹਲਾ ਹੈ। ਮਿਲਣ ਚੀਸ ਚੇ ਪਾਤਸ਼ਾਹ ਨੂੰ ਲੂੰਹਦੀ ਵਾਂਗ ਜਵਾਲਾ ਏ।
ਜਹਾਂਗੀਰ ਸੁਣ ਕੇ ਅੰਦਰੋਂ ਕਹਿਆ ਇਸਨੂੰ ਆਣ ਦਿਤੇ । ਇਸ ਦਰਸ਼ਕ ਨੂੰ ਆਪਣੇ ਮਨ ਦੀ ਆ ਕੇ ਗੱਲ ਸੁਨਾਣ ਦਿਉ
ਤੰਬੂ ਵੜਦਿਆਂ ਘਾਹੀ ਅਪਣਾ ਹੱਥ ਜੇਬ ਚਿ ਪਾਇਆ ਏ । ਕੰਬਦੇ ਹਥੀਂ ਟਕਾ ਕਢ ਕੇ ਅਗੇ ਹੋ ਟਿਕਾਇਆ ਏ
ਹੱਥ ਜੋੜ ਕੇ ਨਾਲ ਅਦਬ ਦੇ ਫਿਰ ਕੀਤੀ ਅਰਜ਼ੋਈ ਹੈ : ਕਰੋ ਸਹਾਇਤਾ ਸੱਚੇ ਪਾਤਸ਼ਾਹ ! ਹੋਰ ਨ ਬੇਨਤੀ ਕੁਈ ਹੈ
ਤੁਸੀਂ ਹੋ ਬਖਸ਼ਣਹਾਰੇ ਸਭ ਦੇ, ਹਰ ਇਕ ਦੇ ਰਖਵਾਲੇ ਜੀ । ਅਗੇ ਜਾ ਕੇ ਮੈਂ ਪਾਪੀ ਦੇ ਕਰਨੇ ਆਪ ਸੰਭਾਲੇ ਜੀ
ਉਸਦੀ ਸੁਣ ਕੇ ਜੋਦੜੀ, ਉਸਨੂੰ ਜਹਾਂਗੀਰ ਨੇ ਕਹਿਆ ਹੈ : ਤੈਨੂੰ ਸਮਝਣ ਦੇ ਵਿਚ ਭਾਈ ਫ਼ਰਕ ਥੋੜਾ ਜਿਹਾ ਰਹਿਆ ਹੈ
ਮੈਂ ਹਾਂ ਬਾਦਸ਼ਾਹ ਇਸ ਮੁਲਕ ਦਾ, ਇਥੇ ਸਭ ਕੁਝ ਕਰ ਸਕਨਾਂ. ਜੇ ਚਾਹੇਂ ਤਾਂ ਨਾਲ ਸੋਨੇ ਦੀ ਝੋਲੀ ਤੇਰੀ ਭਰ ਸਕਨਾਂ ।
ਐਪਰ ਅਗਲੀ ਦੁਨੀਆ ਅੰਦਰ ਮਦਦ ਨ ਮੇਰੇ ਵੱਸ ਦੀ ਏ। ਸ਼ਾਇਦ ਤੂ ਗੁਰਦੇਵ ਨੂੰ ਮਿਲਣੈ, ਉਨ੍ਹਾਂ ਦੀ ਥਾਂ ਐਹ ਲਸ਼ਦੀ ਏ।
ਸੁਣਦਿਆਂ ਹੀ ਚੁਕ ਲਿਆ ਟਕਾ, ਛੇਤੀ ਤੰਬੂਓਂ ਬਾਹਰ ਹੋਇਆ। ਜਹਾਂਗੀਰ ਦੇ ਮਨ ਦੇ ਉਤੇ ਡਾਢਾ ਤਿਖਾ ਵਾਰ ਹੋਇਆ ।
ਆਖੇ ਧੰਨ ਹੋ ਗੁਰੂਦੇਵ ਜੀ ਤੁਹਾਨੂੰ ਸਦਾ ਪਰਨਾਮ ਮੇਰਾ । ਵਹਿਮ ਗੁਮਾਨ ਤੇ ਭਰਮ ਭੁਲੇਖਾ ਹੋਇਆ ਦੂਰ ਤਮਾਮ ਮੇਰਾ ।
ਮਥਾ ਟੇਕਿਆ ਘਾਹੀ ਗੁਰਾਂ ਨੂੰ ਨਾਲ ਸਿਦਕ ਦੇ ਆ ਕੇ ਤੇ । ਨਾਲ ਬੜੇ ਸਤਿਕਾਰ ਦੇ ਰਖਿਆ ਓਹੀ ਟਕਾ ਟਿਕਾ ਕੇ ਤੇ ।
ਹੱਥ ਜੋੜ ਫਿਰ ਸੀਸ ਨਿਵਾਇਆ, ਦਾਤਾਰ ! ਰਹਿਮਤ ਤੇਰੀ ਹੈ। ਨਾਲ ਨਿਮ੍ਰਤਾ ਸਿਦਕ ਪਿਆਰ ਦੇ ਇਕ ਬੇਨੰਤੀ ਮੇਰੀ ਹੈ ।
ਭੁਲਣਹਾਰ ਸਦਾ ਅਪਰਾਧੀ, ਮੂਰਖ ਹਾਂ ਗੁਨਾਹਗਾਰ ਬੜਾ । ਅਕਲ ਸ਼ਊਰ ਨਾ ਕੋਈ ਮੈਨੂੰ ਕਖਾਂ ਵਾਂਗ ਉਡਾਰ ਬੜਾ ।
ਚਾਰੇ ਚੂਕਾਂ ਲਿਬੜੀਆਂ ਮੇਰੀਆਂ, ਲੋਭ ਮੋਹ ਹੰਕਾਰ, ਗੁਰੂ । ਲਾ ਕੇ ਆਪਣੇ ਨਾਮ ਦਾ ਚੱਪੂ, ਕਰ ਦਿਉ ਬੇੜਾ ਪਾਰ, ਗੁਰੂ।
ਦੋ ਜਹਾਨਾਂ ਦਾ ਤੂੰ ਮਾਲਕ, ਸਭ ਦਾ ਪਾਲਣਹਾਰਾ ਹੈਂ । ਟੁਟੇ ਖੁਸੇ ਡਿਗੇ ਢਠੇ, ਸਭ ਦੀ ਓਟ ਸਹਾਰਾ ਹੈਂ ।
ਦਰ ਤੇਰੇ ਤੋਂ ਸਚੇ ਪਾਤਸ਼ਾਹ ! ਮੁਰਾਦਾਂ ਪਾਂਦੇ ਨੇ । ਖ਼ਾਲੀ ਸਖਣੇ ਆ ਕੇ ਏਥੇ, ਝੋਲੀਆਂ ਭਰ ਲੈ ਜਾਂਦੇ ਨੇ ।
ਚੱਜ ਅਚਾਰ ਨਾ ਮੈਨੂੰ ਕੋਈ, ਸੂਝ ਸਮਝ ਨਾ ਭੋਰਾ ਹੈ । ਐਥੇ ਓਥੇ ਦੋਹੀਂ ਜਹਾਨੀਂ ਤੇਰਾ ਹੀ ਇਕ ਢੋਰਾ ਹੈ ।
ਰਖ ਲੈ ਮੈਨੂੰ ਚਰਨ ਸ਼ਰਨ ਵਿਚ ਰਖ ਲੈ ਮੈਨੂੰ ਸਾਂਈਂ ਜੀ । ਐਥੇ ਓਥੇ ਦੋਹੀਂ ਜਹਾਨੀਂ, ਕਜਣਾ ਦੋਹੀਂ ਥਾਈਂ ਜੀ ।
ਓਧਰ ਬੈਠਾ ਜਹਾਂਗੀਰ ਪਿਆ ਮਨ ਵਿਚ ਸੋਚਾਂ ਕਰਦਾ ਏ। ਅੱਜ ਤਕ ਪਿਆ ਰਿਹਾ ਐਵੇਂ ਅਕਲ ਮੇਰੀ ਤੇ ਪਰਦਾ ਏ ।
ਰੂਪ ਅਲਾ ਦਾ ਪਿਆਰਾ ਹੈ, ਅਤਿ ਸੁੰਦਰ ਅੱਤ ਮਿਠਾ ਏ । ਇਸ ਦਰ ਉਤੋਂ 'ਨੀਰ' ਨ ਕੋਈ, ਖ਼ਾਲ ਜਾਂਦਾ ਡਿਠਾ ਏ ।



www.AKJ.Org

# 'ਸਰਬ ਰੋਗ ਕਾ ਅਉਖਦੁ ਨਾਮੁ'

[ਗਿਆਨੀ ਦੀਦਾਰ ਸਿੰਘ ਜੀ]

ਗੁਰਬਾਣੀ ਦੀ ਉਪਰੋਕਤ ਪੰਗਤੀ ਅਨੁਸਾਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਇਹ ਗੱਲ ਦ੍ਰਿੜ੍ਹ ਹੋ ਚੁੱਕੀ ਸੀ ਕਿ ਸਾਰੇ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਇਲਾਜ ਕੇਵਲ ਇਕ ਪ੍ਰਭੂ ਦਾ ਨਾਮ ਹੀ ਹੈ।

ਭਾਈ ਸਾਹਿਬ ਦੇ ਪਿਤਾ ਲੁਧਿਆਣੇ ਸਿਵਲ ਹਸਪਤਾਲ ਵਿਚ ਬੀਮਾਰ ਸਨ। ਉਨ੍ਹਾਂ ਦੀ ਸੇਵਾ-ਸੰਭਾਲ ਲਈ ਜਿਤਨੇ ਵੀ ਸਾਕ-ਸੰਬੰਧੀ ਤੇ ਮਿੱਤਰ-ਪਿਆਰੇ ਆਏ, ਉਹ ਸਭ ਦੇ ਸਭ ਮਲੇਰੀਏ ਦੇ ਬੁਖ਼ਾਰ ਕਾਰਨ ਬੀਮਾਰ ਹੋ ਕੇ ਵਾਪਸ ਚਲੇ ਗਏ। ਅਖ਼ੀਰ ਚਿ ਭਾਈ ਸਾਹਿਬ ਇਕੱਲੇ ਹੀ ਸੇਵਾ-ਸੰਭਾਲ ਲਈ ਰਹਿ ਗਏ।

ਬਹੁਤ ਖੇਚਲ ਹੋਣ ਕਾਰਨ ਇਨ੍ਹਾਂ ਨੂੰ ਵੀ ਮਲੇਰੀਆ ਹੋ ਗਿਆ। ਪਹਿਲਾਂ ੩-੪ ਦਿਨ ਤਾਂ ਇਨ੍ਹਾਂ ਪਰਵਾਹ ਨਾ ਕੀਤੀ, ਪਰ ਅਖ਼ੀਰ ਲੇਟਣ ਤੇ ਮਜਬੂਰ ਹੋਣਾ ਪਿਆ।

ਹਸਪਤਾਲ ਦਾ ਅਸਿਸਟੈਂਟ ਸਰਜਨ ਇਨ੍ਹਾਂ ਨੂੰ ਬੀਮਾਰ ਦੇਖ ਕੇ ਦਵਾਈ ਖਾਣ ਲਈ ਜਦੋਂ ਮਜਬੂਰ ਕਰਨ ਲੱਗਾ ਤਾਂ ਇਨ੍ਹਾਂ ਨੇ ਕੋਰਾ-ਕਰਾਰਾ ਜੁਆਬ ਦਿੰਦਿਆਂ ਕਹਿ ਦਿੱਤਾ ਕਿ ਤੁਹਾਡੀਆਂ ਦਵਾਈਆਂ ਨਾਲ ਜਦ ਮੇਰੇ ਪਿਤਾ ਜੀ ਨੂੰ ਕੋਈ ਆਰਾਮ ਨਹੀਂ ਹੋ ਰਿਹਾ, ਸਗੋਂ ਕਲ੍ਹ ਸ਼ਾਮ ਸਿਵਲ ਸਰਜਨ ੨੪ ਘੰਟਿਆਂ ਦੇ ਅੰਦਰ ਅੰਦਰ ਇਨ੍ਹਾਂ ਦੇ ਚੜ੍ਹਾਈ ਕਰ ਜਾਣ ਦੀ ਸੰਭਾਵਨਾ ਦਸ ਗਿਆ ਹੈ। ਇਸੇ ਤਰ੍ਹਾਂ ਇਨ੍ਹਾਂ ਦੀ ਦੇਖ-ਭਾਲ ਲਈ ਆਇਆਂ ਦਾ ਤੁਹਾਡੀ ਦਵਾਈ ਬੁਖ਼ਾਰ ਨ ਉਤਾਰ ਸਕੀ, ਜਿਸ ਕਰਕੇ ਉਨ੍ਹਾਂ ਸਾਰਿਆਂ ਨੂੰ ਵਾਪਸ ਜਾਣਾ ਪਿਆ। ਹੁਣ ਇਸ ਦਵਾਈ ਨੇ ਮੇਰੇ ਤੇ ਕੀ ਅਸਰ ਕਰਨਾ ਹੈ?

ਭਾਈ ਸਾਹਿਬ ਨੇ ਕਿਹਾ, ਮੇਰੀ ਦਵਾਈ ਮੇਰੇ ਕੋਲ ਹੈ, ਤੁਸੀਂ ਜਾਓ, ਮੈਨੂੰ ਔਖਾ ਨਾ ਕਰੋ। ਮੈਂ ਤੁਹਾਡੀ ਦਵਾਈ ਕੋਈ ਨਹੀਂ ਲੈਣੀ।

ਡਾਕਟਰ ਵਧ ਘਟ ਬੋਲ ਕੇ ਗੁੱਸੇ ਨਾਲ ਚਲਾ ਗਿਆ। ਮਗਰੋਂ ਜਦ ਉਨ੍ਹਾਂ ਆਪਣੇ ਪਿਤਾ ਜੀ ਦੀ ਹਾਲਤ ਵੇਖੀ ਤਾਂ ਉਹ ਬੇਹੋਸ਼ ਪਏ ਹੋਏ ਸਨ, ਲੱਤਾਂ ਬਾਹਾਂ ਠੰਢੀਆਂ, ਨੱਕ ਦੀ ਕੁਮਲੀ ਮੁੜ ਚੁਕੀ ਸੀ। ਘੋਰੜੂ ਤਾਂ ਇਕ ਦੋ ਦਿਨ ਪਹਿਲਾਂ ਤੋਂ ਹੀ ਵਜ ਰਿਹਾ ਸੀ। ਅੱਖਾਂ ਤੋਂ ਦਿਸਣਾ ਤੇ ਕੰਨਾਂ ਤੋਂ ਸੁਣਨਾ ਪਹਿਲਾਂ ਹੀ ਬੰਦ ਹੋ ਚੁੱਕਾ ਸੀ।

ਅਨੇਕਾਂ ਯਤਨ ਕਰਨ ਤੇ ਵੀ ਤਿੰਨ ਚਾਰ ਦਿਨਾਂ ਤੋਂ ਉਨ੍ਹਾਂ ਨੂੰ ਪਿਸ਼ਾਬ ਨਹੀਂ ਆ ਰਿਹਾ ਸੀ, ਜਿਸ ਕਰਕੇ ਬੀਤੀ ਸ਼ਾਮ ਸਿਵਲ ਸਰਜਨ ਕਹਿ ਗਿਆ ਸੀ ਕਿ ਸਾਰਾ ਪਿਸ਼ਾਬ ਜ਼ਹਿਰ ਬਣ ਚੁਕਾ ਹੈ। ਇਸ ਲਈ ਹੁਣ ਬਚਣ ਦੀ ਆਸ ਨਹੀਂ। ਸੋ ਘਰ ਦਿਆਂ ਨੂੰ ਤਾਰ ਪਾ ਕੇ ਬੁਲਾ ਲਉ।

ਐਸੀ ਨਾਜ਼ਕ ਹਾਲਤ ਵੇਖ ਕੇ ਭਾਈ ਸਾਹਿਬ ਡਾਵਾਂ-ਡੋਲ ਹੋਏ ਹੀ ਸਨ ਕਿ ਅੰਦਰੋਂ ਅਵਾਜ਼ ਪ੍ਰਬਲ ਹੋਈ:—

ਸਰਬ ਰੋਗ ਕਾ ਅਉਖਦੁ ਨਾਮੁ ॥੫॥੬॥ (ਸੁਖਮਨੀ ਸਾਹਿਬ)

ਉਨ੍ਹਾਂ ਨੂੰ ਗੁਰਬਾਣੀ ਦੀ ਇਸ ਪੰਗਤੀ ਨਾਲ ਬੜਾ ਹੌਸਲਾ ਮਿਲਿਆ ਤੇ ਸਿਦਕ ਨੇ ਉਛਾਲਾ ਮਾਰਿਆ। ਗੁਪਤ ਅਰਦਾਸਾ ਸੋਧ ਕੇ ਭਾਈ ਸਾਹਿਬ ਥੋੜ੍ਹੇ ਜਿਹੇ ਪਰ੍ਹੇ, ਆਪਣੇ ਮੰਜੇ ਤੇ ਕੰਬਲ ਲਪੇਟ ਕੇ ਲੇਟ ਗਏ ਅਤੇ ਲੇਟਿਆ-ਲੇਟਿਆਂ ਹੀ ਜਪੁਜੀ ਸਾਹਿਬ ਦਾ ਪਾਠ ਮਨ ਹੀ ਮਨ ਵਿਚ, ਸੁਰਤੀ ਦੁਆਰਾ ਕਰਨਾ ਸ਼ੁਰੂ ਕੀਤਾ (ਉਦੋਂ ਤਕ ਭਾਈ ਸਾਹਿਬ ਨੂੰ ਮਨੋ-ਮਨੀ, ਸੁਰਤੀ ਨਾਲ ਜਪੁਜੀ ਸਾਹਿਬ ਦੇ ਅਖੰਡ ਪਾਠ ਕਰਨ ਦਾ ਅਭਿਆਸ ਬਹੁਤ ਹੋ ਚੁੱਕਾ ਸੀ)।

ਪੰਜ ਪਾਠਾਂ ਦੇ ਭੋਗ ਇਸੇ ਇਕਾਗਰ ਬਿਰਤੀ ਨਾਲ ਜਦ ਪੈ ਗਏ ਤਾਂ ਫਿਰ ਬਿਰਤੀ ''ਮੰਨੇ ਕੀ ਪਉੜੀ' ਉੱਤੇ ਟਿਕ ਗਈ। ਪਾਠ ਅਗਾਂਹ ਤੁਰੇ ਹੀ ਨਾ। ਵਾਰ ਵਾਰ ਉਸੇ ਪਉੜੀ ਦਾ ਪਾਠ ਹੋਈ ਜਾਏ।

ਜਦ ਸੁਰਤੀ ਖੁਲ੍ਹੀ ਤਾਂ ਉਨ੍ਹਾਂ ਦਾ ਆਪਣਾ ਸਰੀਰ ਪਸੀਨੋ-ਪਸੀਨਾ ਹੋਇਆ ਸੀ ਤੇ ਬੁਖ਼ਾਰ ਆਦਿ ਦਾ



www.AKJ.Org

ਨਾਂ-ਨਿਸ਼ਾਨ ਵੀ ਨਹੀਂ ਸੀ । ਸਰੀਰ ਹੌਲਾ-ਫੁੱਲ ਤੇ ਨਵਾਂ-ਨਰੋਆ ਪ੍ਰਤੀਤ ਹੋ ਰਿਹਾ ਸੀ ।

ਪਸੀਨਾ ਪੂੰਝ ਕੇ ਜਦ ਪਿਤਾ ਜੀ ਵੱਲ ਖ਼ਿਆਲ ਨਾਲ ਵੇਖਿਆ ਤਾਂ ਉਨ੍ਹਾਂ ਦੀ ਪੈਂਦ ਵੱਲ ਪਿਆ ਹੋਇਆ ਪਿਸ਼ਾਬ ਵਾਲਾ ਭਾਂਡਾ ਭਰਿਆ ਪਿਆ ਸੀ । ਨਬਜ਼ ਦੇਖੀ ਤਾਂ ਠੀਕ ਚਲ ਰਹੀ ਸੀ ਤੇ ਸੁਆਸ ਵੀ ਠੀਕ ਚੱਲ ਰਹੇ ਸਨ । ਸਰੀਰ ਉਨ੍ਹਾਂ ਦਾ ਵੀ ਮੁੜ੍ਹਕੋ-ਮੁੜ੍ਹਕੀ ਹੋ ਰਿਹਾ ਸੀ, ਹਾਲਾਂ ਕਿ ਉਨ੍ਹਾਂ ਨੇ ਚਾਦਰ ਵੀ ਨਹੀਂ ਲਈ ਹੋਈ ਸੀ ।

ਭਾਈ ਸਾਹਿਬ ਦੇ ਬੁਲਾਉਣ ਤੇ ਕਹਿਣ ਲਗੇ, "ਬੇਟਾ ! ਕੋਈ ਸ਼ਖਸ ਮੇਰੇ ਕਾਨੋਂ ਮੇਂ ਕਿਤਨੀ ਦੇਰ ਸੇ ਮੰਨੇ ਕੀ ਪਉੜੀ ਪੜ੍ਹ ਰਿਹਾ ਹੈ । ਔਰ ਮੁਝ ਕੋ ਬਹੁਤ ਸਰੂਰ (ਆਨੰਦ) ਆ ਰਿਹਾ ਹੈ ।" (ਭਾਈ ਸਾਹਿਬ ਦੇ ਪਿਤਾ ਆਮ ਉਰਦੂ ਹੀ ਬੋਲਿਆ ਕਰਦੇ ਸਨ) ਇੰਨੀ ਗੱਲ ਕਹਿ ਕੇ ਉਹ ਫਿਰ ਮਸਤ ਹੋ ਗਏ । ਇਹ ਸੁਣ ਕੇ ਭਾਈ ਸਾਹਿਬ ਦੀ ਹੈਰਾਨੀ ਦੀ ਹੱਦ ਨਾ ਰਹੀ । ਉਹ ਖੜ੍ਹੇ-ਖੜ੍ਹੇ ਹੀ ਆਪ ਮੁਹਾਰੇ ਅਕਾਲ ਪੁਰਖ ਦੇ ਧੰਨਵਾਦ ਵਿਚ ਜੁੜ ਗਏ । ਉਨ੍ਹਾਂ ਦੇ ਲੂੰ ਲੂੰ ਵਿਚੋਂ ਸ਼ੁਕਰ-ਸ਼ੁਕਰ ਦੀ ਧੁੰਨ ਉੱਠ ਰਹੀ ਸੀ ।

ਇਸ ਹਾਲ ਵਿਚ ਖੜੇ ਹੀ ਸਨ ਕਿ ਉਪਰੋਂ ਉਹ ਅਸਿਸਟੈਂਟ-ਸਰਜਨ ਆ ਗਿਆ । ਭਾਈ ਸਾਹਿਬ ਨੂੰ ਠੀਕ ਠਾਕ ਵੇਖ ਕੇ ਸ਼ਾਬਾਸ਼ ਦੇਣ ਲੱਗਾ ਤੇ ਦਵਾਈ ਖਾਣ ਦਾ ਅਸਰ ਦੱਸਣ ਲੱਗਾ ।

ਭਾਈ ਸਾਹਿਬ ਨੇ ਮੇਜ਼ ਤੇ ਪਈ ਦਵਾਈ ਵਲ ਇਸ਼ਾਰਾ ਕਰ ਕੇ ਕਿਹਾ ਕਿ ਚੁਕ ਲਓ ਆਪਣੀ ਦਵਾਈ । ਦਵਾਈ ਦੀਆਂ ਪੁੜੀਆਂ ਉਸੇ ਤਰ੍ਹਾਂ ਵੇਖ ਕੇ ਜਿਥੇ ਉਹ ਬੜਾ ਹੈਰਾਨ ਹੋਇਆ, ਉਥੇ ਰਾਜ਼ੀ ਹੋਣ ਦਾ ਕਾਰਨ ਪੁੱਛਣ ਲਗਾ ।

ਭਾਈ ਸਾਹਿਬ ਨੇ ਆਪਣੇ ਪਿਤਾ ਜੀ ਵੱਲ ਇਸ਼ਾਰਾ ਕਰਕੇ ਆਖਿਆ, ਜ਼ਰਾ ਇਨ੍ਹਾਂ ਦੀ ਹਾਲਤ ਤਾਂ ਵੇਖੋ ।

ਜਦ ਉਸ ਨੇ ਉਨ੍ਹਾਂ ਦੀ ਨਰੋਈ ਹਾਲਤ ਵੱਲ ਵੇਖਿਆ ਤਾਂ ਹੱਕਾ-ਬੱਕਾ ਹੋ ਗਿਆ । ਹੈਰਾਨ ਹੋਇਆ-ਹੋਇਆ, ਬੁੱਤ ਬਣਿਆ ਕਹਿਣ ਲਗਾ ਕਿ "ਯਿਹ ਕਿਆ ਜਾਦੂ ਹੂਆ ਹੈ ?"

ਪਿਤਾ ਜੀ ਦੇ ਮੂੰਹੋਂ ਨਿਕਲਿਆ, "ਯਿਹ ਮੰਨੇ ਕੀ ਪਉੜੀ ਕਾ ਜਾਦੂ ਹੈ ।" ਇੰਨਾ ਕਹਿ ਕੇ ਉਨ੍ਹਾਂ ਫਿਰ ਅੱਖਾਂ ਬੰਦ ਕਰ ਲਈਆਂ ਤੇ ਡਾਕਟਰ ਦੇ ਬੁਲਾਉਣ ਤੇ ਉਹ ਕਹਿਣ ਲਗੇ, "ਹਮ ਕੋ ਮੰਨੇ ਕੀ ਪਉੜੀ ਕੇ ਧਿਆਨ ਸੇ ਮਤ ਉਚਾਟ ਕਰੋ, ਹਮਾਰੇ ਕਾਨੋਂ ਮੇਂ ਮੰਨੇ ਕੀ ਪਉੜੀ ਕੀ ਗੂੰਜ ਆ ਰਹੀ ਹੈ ।"


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੭੫ |
| HAIR- A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine wisdom | 0-75 | ਸ਼ਬਦ ਗੁਰੂ- ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਲੜੀਦਾਰ ਸਰੂਪ- ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦੇਸ਼ | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |


## ਅਮਾਨਤੀ ਲਾਈਫ਼ ਮੈਂਬਰਸ਼ਿਪ ਦਾ ਵਾਧਾ

ਜਿਨ੍ਹਾਂ ਪਾਠਕਾਂ ਵਲੋਂ ਅਮਾਨਤੀ ਲਾਈਫ ਮੈਂਬਰਸ਼ਿਪ ਦਾ ਵਾਧਾ ਨਹੀਂ ਪੁਜਾ, ਦੇਸ਼ ਵਿਚ ਉਨ੍ਹਾਂ ਨੂੰ ਕਾਰਡਾਂ ਰਾਹੀਂ 50/- ਭੇਜਣ ਲਈ ਸੂਚਤ ਕੀਤਾ ਗਿਆ ਹੈ ਅਤੇ ਪਰਦੇਸੀ ਵੀਰਾਂ ਨੂੰ ਅਗਸਤ ਪਰਚੇ ਤੇ ਇਹ ਸੂਚਨਾ ਦਿਤੀ ਜਾ ਰਹੀ ਹੈ— 'ਵਾਧਾ 500/- **ਛੇਤੀ ਭੇਜੋ ਜੀ** ।" ਰਕਮ ਨਾ ਪੁਜਣ ਦੀ ਹਾਲਤ ਵਿਚ ਸਤੰਬਰ ਦੇ ਪਰਚੇ ਨਾਲ ਅਮਾਨਤੀ ਲਾਈਫ ਮੈਂਬਰਸ਼ਿਪ ਖ਼ਤਮ ਹੋ ਜਾਣੀ ਹੈ ।

www.AKJ.Org

# ਸੋ ਦਰੁ ਦੇ ਪਾਠ ਵਿਚ ਤਿੰਨ ਪ੍ਰਚਲਤ ਹੋ ਰਹੀਆਂ ਭੁਲਾਂ

ਪਾਠ ਕਰਦਿਆਂ ਉਂਜ ਤਾਂ ਅਸੀਂ ਲਗ-ਮਾਤ੍ਰੀ ਬੇਅੰਤ ਹੀ ਭੁਲਾਂ ਕਰਦੇ ਹਾਂ ਪਰ, ਸ਼ਾਮ ਨੂੰ ਸੋਦਰੁ ਦੇ ਪਾਠ ਸਮੇਂ ਤਿੰਨ ਐਸੀਆਂ ਭੁਲਾਂ ਪ੍ਰਚਲਤ ਹੋ ਰਹੀਆਂ ਹਨ, ਜੋ ਸਰਬ-ਵਿਆਪੀ ਬਣਦੀਆਂ ਜਾ ਰਹੀਆਂ ਹਨ—

(੧) ਅਨੰਦ ਸਾਹਿਬ ਦੀ ਤੀਜੀ ਪਉੜੀ ਵਿਚ—

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ **'ਦੇਹਿ'** ਸੁ ਪਾਵਏ ॥ ('ਦੇਹਿ' ਦੀ ਥਾਂ 'ਦੇਵੇਂ' ਉਚਾਰਨ ਗ਼ਲਤ ਹੈ)

(੨) 'ਤਨੁ ਮਨੁ ਥੀਵੈ ਹਰਿਆ' ਤੋਂ ਬਾਅਦ ਪੜ੍ਹੀ ਜਾਂਦੀ ਪਉੜੀ ਵਿਚ—

ਜਿਨ ਕਉ ਲਗੀ ਪਿਆਸ ਅੰਮ੍ਰਿਤ **'ਸੇਇ'** ਖਾਹਿ ॥ ('ਸੇਇ' ਦੀ ਥਾਂ 'ਸੇਈ' ਉਚਾਰਨ ਗ਼ਲਤ ਹੈ)

(੩) ਉਪਰਲੀ ਪਉੜੀ ਤੋਂ ਬਾਅਦ 'ਸਲੋਕ ਮ: ੫' ਵਿਚ—

ਅੰਤਰਿ **'ਗੁਰੁ'** ਅਰਾਧਣਾ ਜਿਹਵਾ ਜਪਿ ਗੁਰ ਨਾਉ ॥ ('ਗੁਰੁ' ਦੀ ਥਾਂ 'ਗੁਰੂ' ਗ਼ਲਤ ਹੈ)

---

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸਮਾਗਮ

(1) 10.8.91 ਕੀਰਤਨ ਰੈਣ ਸਬਾਈ ਗੁਰਦਵਾਰਾ ਸਿਖ ਸੰਗਤ (ਲੰਡਨ ਈਸਟ) 71, ਫ਼ਰੌਂਸਿਜ਼ ਰੋਡ, ਲੇਜ਼ਨ, ਲੰਡਨ ਈ 10, ਗੁਰਦਵਾਰਾ ਫ਼ੋਨ 081-556-4732, ਭਾਈ ਸਤਬਿੰਦਰ ਸਿੰਘ 081-5[illegible]9-2381/833 ।

(2) 24.8.91 ਕੀਰਤਨ ਰੈਣ ਸਬਾਈ (ਨੈਸ਼ਨਲ ਪੱਧਰ ਤੇ) ਗੁ: ਸ੍ਰੀ ਗੁਰੂ ਸਿੰਘ ਸਭਾ, (ਪੈਰਿਸ) 16-18 *Rue-De-La-Ferme*, 93000 *Bobigny France*,
ਫ਼ੋਨ ਪੈਰਿਸ ਗੁਰਦਵਾਰਾ 010-331-48311322 ਤੇ 48950841, ਭਾਈ ਸ਼ਿੰਗਾਰਾ ਸਿੰਘ 010-331-34193118

(3) 31.9.91 ਕੀਰਤਨ ਰੈਣ ਸਬਾਈ ਗੁਰਦਵਾਰਾ ਸਿਖ ਐਸੋਸੀਏਸ਼ਨ, 12-ਸ਼ੇਰ ਬੌਰਨੇ ਸਟਰੀਟ (*off Bury New Road*) ਮਾਨਚੈਸਟਰ-8, ਗੁਰਦਵਾਰਾ ਫੋਨ 061-832-2241, ਸ. ਪਰਮਜੀਤ ਸਿੰਘ (ਸੈਕਟਰੀ) 061-861-8278 ਭਾਈ ਪ੍ਰਿਥੀਪਾਲ ਸਿੰਘ 0625-529720

ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-267900)
Bhai Gurnam Singh, 10 Lambourne Gardens, Earley, Reading, Berks U.K.

---

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਸੁਰਜੀਤ ਸਿੰਘ ਖਾਲਸਾ ਛਦੌਰੀ | ੪੨-੦੦ | ਸ: ਗੁਰਮੀਤ ਸਿੰਘ ਹੈਂਡਜ਼ਵਰਥ ਯੂ.ਕੇ, | ੧੮੦-੦੦ |
| ਭਾ: ਦਵਿੰਦਰ ਸਿੰਘ ਯੂ.ਕੇ. | ੧੬੫-੦੦ | ਸ: ਗੁਰਬਖਸ਼ ਸਿੰਘ ਯੂ.ਕੇ. | ੩੨੦-੦੦ |
| ਭਾ: ਕੁਲਦੀਪ ਸਿੰਘ ਹਾਂਗਕਾਂਗ | ੧੧੦-੦੦ | ਭਾ: ਸਾਧੂ ਸਿੰਘ ਵਰਨਨ (ਕੈਨੇਡਾ) | ੧੦੦-੦੦ |
| ਭਾ: ਮਾਲਿਕ ਸਿੰਘ ਮੁਹਾਲੀ | ੩੦-੦੦ | ਭਾ: ਸਵਰਨ ਸਿੰਘ ਚੰਡੀਗੜ੍ਹ | ੧੪੫-੦੦ |
| ਸ: ਊਧਮ ਸਿੰਘ ਨਵੀਂ ਦਿੱਲੀ | ੬੦-੦੦ | ਬੀਬੀ ਤੇਜਿੰਦਰ ਕੌਰ ਲੁਧਿਆਣਾ | ੫੦੦-੦੦ |
| ਸ; ਰਘਬੀਰ ਸਿੰਘ ਕਾਨਪੁਰ | ੩੧-੦੦ | ਸ: ਜਗਦੀਸ਼ਰ ਸਿੰਘ ਆਰਲਿੰਗਟਨ(ਅਮ੍ਰੀਕਾ) | ੧੫-੦੦ |
| ਭਾ: ਲਹਿੰਬਰ ਸਿੰਘ ਸਲੋਅ (ਯੂ.ਕੇ.) | ੧੯੦-੦੦ | ਭਾ: ਪ੍ਰਤਿਪਾਲ ਸਿੰਘ ਹੇਸਟਨ (ਯੂ. ਕੇ.) | ੧੮੦-੦੦ |
| ਸ; ਪ੍ਰਤਿਪਾਲ ਸਿੰਘ ਕੰਗ ਗ੍ਰੇਵਜ਼ੈਂਡ (ਯੂ. ਕੇ.) | ੧੮੦-੦੦ | ਭਾ: ਬਖਸ਼ੀਸ਼ ਸਿੰਘ ਸਮੈਥਵਿਕ (ਯੂ. ਕੇ.) | ੭੦੦-੦੦ |
| ਭਾ: ਮਹਿੰਦਰ ਸਿੰਘ ਖਾਲਸਾ ਸਲੋਅ (ਯੂ ਕੇ.) | ੩੭੫-੦੦ | ਸ: ਹਰਦਿਆਲ ਸਿੰਘ ਖਾਲਸਾ ਅੰਮ੍ਰਿਤਸਰ | ੨੦੦-੦੦ |
| ਭਾ: ਸਾਧੂ ਸਿੰਘ ਵਰਨਨ (ਕੈਨੇਡਾ) | ੧੦੦-੦੦ | ਸ: ਨਿਰਮਲ ਸਿੰਘ ਝੱਸ ਕਲਿਆਣ | ੫-੦੦ |
| ਸ: ਗੁਰਲਾਲ ਸਿੰਘ ਕਰੋਟਾ | ੫੦-੦੦ | ਸ: ਮਹਿੰਦਰ ਸਿੰਘ ਗੋਲੀਆ | ੧-੦੦ |



www.AKJ.Org

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁੱਜੀ ਸਹਾਇਤਾ

| | | | |
|---|---|---|---|
| *Cpl.* ਕੁਲਦੀਪ ਸਿੰਘ ਬੰਗਲੌਰ | ੧੦੦-੦੦ | ਸ: ਕੰਵਲਜੋਤ ਸਿੰਘ ਚੰਡੀਗੜ੍ਹ | ੪੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂ ਵਾਲ | ੫੦-੦੦ | ਡਾ: ਸੁਰਿੰਦਰ ਸਿੰਘ ਜੀ ਦੇ ਸਮਾਗਮ ਸਮੇਂ | ੭੧-੬੫ |
| ਸ: ਪ੍ਰਦਮਨ ਸਿੰਘ ਜਲੰਧਰ (ਗੋਲਕ ਫ਼ੰਡ) | ੧੦੦-੦੦ | ਬੀ: ਤੇਜਿੰਦਰ ਕੌਰ ਖਾਲਸਾ ਲੁਧਿਆਣਾ | ੫੦੦-੦੦ |
| ਸ: ਕੁਲਦੀਪ ਸਿੰਘ ਸੇਵਾਦਾਰ ਹਾਂਗਕਾਂਗ | ੫੦੦-੦੦ | ਸਿੰਘ ਅਤੇ ਸਿੰਘਣੀਆਂ ਲਮਿੰਗਟਨ ਯੂ. ਕੇ. | ੧੭੦੦-੦੦ |
| ਸ: ਮਲਕੀਤ ਸਿੰਘ ਸਲੌਅ ਯੂ. ਕੇ. | ੧੦੦੦-੦੦ | ਬੀ: ਸੁਰਿੰਦਰ ਕੌਰ ਚੈਥਮ ਯੂ. ਕੇ. | ੩੪੦੦-੦੦ |
| ਸ: ਕਰਮ ਸਿੰਘ ਗਿਲ ਕੋਵੈਂਟਰੀ ਯੂ. ਕੇ. | ੧੬੭੫-੦੦ | ਸ: ਚਰਨਜੀਤ ਸਿੰਘ ਪੱਡਾ, ਈਸਟ ਹੈਮ ਲੰਡਨ | ੧੭੦੦-੦੦ |
| ਸਾਧ ਸੰਗਤ ਚੈਥਮ ਯੂ. ਕੇ. | ੧੬੭੦-੦੦ | ਸਾਧ ਸੰਗਤ ਗੁਰਦੁਆਰਾ ਸਲੌਅ | |
| ਸਾਧ ਸੰਗਤ ਗ੍ਰੇਵਜ਼ੈਂਡ ਕੈਂਟ ਯੂ. ਕੇ. | ੩੩੧੦-੦੦ | ਸ: ਸੋਹਨ ਸਿੰਘ ਦੀ ਪੁਤਰੀ ਦੇ ਅਨੰਦ ਸਮੇਂ | ੨੬੮੦੦-੦੦ |
| ਬੀ: ਸੁਰਜੀਤ ਕੌਰ ਸਲੌਅ ,, ,, | ੩੩੦-੦੦ | ਬੀਬੀ ਜਸਵਿੰਦਰ ਕੌਰ ਅਤੇ ਲੋਕਲ ਜਥਾ ਸਲੌਅ | ੩੪੦੦-੦੦ |
| ਸ: ਤਰਸੇਮ ਸਿੰਘ ,, ,, | ੩੩੦-੦੦ | ਸਾਧ ਸੰਗਤ ਬਰਮਿੰਘਮ ਯੂ. ਕੇ. | |
| ਸ: ਪ੍ਰਿਤਪਾਲ ਸਿੰਘ ਸਹੋਤਾ ਸਲੌਅ ਯੂ. ਕੇ. | ੧੬੫੦੦-੦੦ | ਭਾ: ਬਖਸ਼ੀਸ਼ਸਿੰਘ ਦੀ ਪੁਤਰੀ ਦੇ ਅਨੰਦ ਸਮੇਂ | ੧੭੦੦੦-੦੦ |
| ਗੁਪਤ ਸੇਵਾ ਸਲੌਅ ਯੂ. ਕੇ. | ੧੩੨੫-੦੦ | ਸ: ਸਾਧੂ ਸਿੰਘ ਵਰਨਨ, ਕੈਨੇਡਾ (ਦੋ ਵਾਰ) | ੨੮੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਚਰਨਜੀਤ ਕੌਰ ਮਾਤਾ ਸ਼ਹੀਦ ਸਰਬਜੀਤ ਸਿੰਘ ਲਾਲੇ ਨੰਗਲ – ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀ: ਸਵਿੰਦਰ ਕੌਰ ਮਾਤਾ ਸ਼ਹੀਦ ਮਲਕੀਤ ਸਿੰਘ ਤੁਸਿਕਾ ,, ,, | ੫੦੦੦-੦੦ |
| ਬੀ: ਜੁਗਿੰਦਰ ਕੌਰ ਮਾਤਾ ਸ਼ਹੀਦ ਅਮਰਜੀਤ ਸਿੰਘ ਤੁਸਿਕਾ ,, ,, | ੫੦੦੦-੦੦ |
| ਬੀ: ਸੁਰਜੀਤ ਕੌਰ ਮਾਤਾ ਸ਼ਹੀਦ ਪਿਆਰਾ ਸਿੰਘ ਤਿਬੜ ,, ,, | ੫੦੦੦-੦੦ |
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਬਲਵਿੰਦਰ ਸਿੰਘ ਚਾਚੋਕੀ ,, ,, | ੧੦੦੦੦-੦੦ |
| ਬੀ: ਕੁਲਦੀਪ ਕੌਰ ਮਾਤਾ ਸ਼ਹੀਦ ਸੁਚਾ ਸਿੰਘ ਚਾਚੋਕੀ—ਪੁਤਰ ਸ਼ਹੀਦ, ਪਤੀ ਤਸ਼ੱਦਦ ਦਾ ਸ਼ਿਕਾਰ | ੫੦੦੦-੦੦ |
| ਭਾ: ਪਿਆਰਾ ਸਿੰਘ ਅੰਮ੍ਰਿਤਸਰ - ਸਿਰ ਦੀ ਰਸੌਲੀ ਦੇ ਅਪ੍ਰੇਸ਼ਨ ਲਈ | ੬੦੦੦-੦੦ |
| ਭਾ: ਜਰਨੈਲ ਸਿੰਘ ਪੁਤਰ ਬਾਵਾ ਸਿੰਘ ਸੁਲਤਾਨਵਿੰਡ (ਅੰਮ੍ਰਿਤਸਰ)—ਜ਼ਮਾਨਤ ਤੇ ਇਲਾਜ ਲਈ | ੫੦੦-੦੦ |
| ਬੀ: ਗੁਰਦੀਪ ਕੌਰ ਮਾਤਾ ਸ਼ਹੀਦ ਸੁਰਿੰਦਰ ਸਿੰਘ ਅੰਮ੍ਰਿਤਸਰ —ਇਕ ਪੁਤਰ ਸ਼ਹੀਦ, ਇਕ ਲਾ-ਪਤਾ | ੫੦੦੦-੦੦ |
| ਬੀ: ਸੁਰਜੀਤ ਕੌਰ ਮਾਤਾ ਸ਼ਹੀਦ ਕੰਵਲਜੀਤ ਸਿੰਘ ਪਿੰਡ ਰਿਆਲੀ—ਪੁਤਰ ਸ਼ਹੀਦ, ਅੱਖਾਂ ਦੇ ਅਪਰੇਸ਼ਨ ਲਈ | ੨੦੦੦-੦੦ |
| ਬੀ: ਕ੍ਰਿਪਾਲ ਕੌਰ ਮਾਤਾ ਸ਼ਹੀਦ ਨਿਰਮਲ ਸਿੰਘ ਨਿੰਮਾ ਪਿੰਡ ਝੰਡੇ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਹਰਪਾਲ ਕੌਰ ਪਤਨੀ ਭਾ: ਬੂਟਾ ਸਿੰਘ ਪਿੰਡ ਜੰਡਏ—ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਭਾ: ਬਲਬੀਰਸਿੰਘ ਪਿੰਡ ਠੱਠੀ ਜੈਮਲ ਸਿੰਘ—ਪਤੀ ਲਾ-ਪਤਾ,ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਸਵਿੰਦਰ ਕੌਰ ਮਾਤਾ ਸ਼ਹੀਦ ਮਨਜੀਤ ਸਿੰਘ ਖਜਾਲਾ ਅੰਮ੍ਰਿਤਸਰ –ਪੁਤਰ ਸ਼ਹੀਦ ਗੁਜ਼ਾਰਾ ਮੁਸਕਲ | ੫੦੦੦-੦੦ |
| ਬੀ: ਭੁਪਿੰਦਰ ਕੌਰ (ਭੈਣ ਸ਼ਹੀਦ ਸਵਰਨ ਸਿੰਘ ਸੈਫਲਾਬਾਦ) —ਭਰਾ ਸ਼ਹੀਦ, ਪਿਤਾ ਬਜ਼ੁਰਗ | ੫੦੦੦-੦੦ |
| ਬੀ: ਦਲਬੀਰ ਕੌਰ ਸਪੁਤਰੀ ਸ: ਆਤਮਾ ਸਿੰਘ ਭਟੀਆਂ (ਗੁਰਦਾਸਪੁਰ) -ਪਤੀ ਲਾ-ਪਤਾ, ਤਿੰਨ ਬੱਚੇ | ੫੦੦੦-੦੦ |
| ਭਾ: ਰਣਜੀਤ ਸਿੰਘ ਰਾਣਾ ਪੁਤਰ ਸ: ਪਿਆਰਾ ਸਿੰਘ ਨੰਗਲ ਲੁਬਾਣਾ - ਪੁਲਸ ਤਸ਼ੱਦਦ, ਅੱਖਾਂ ਨਕਾਰਾ | ੩੦੦੦-੦੦ |
| ਬੀ: ਬਲਜੀਤ ਕੌਰ ਪਤਨੀ ਸ਼ਹੀਦ ਭਾਈ ਸੁਰਜੀਤ ਸਿੰਘ ਤੀਰ ਅੰਮ੍ਰਿਤਸਰ - ਪਤੀ ਸ਼ਹੀਦ, ਚਾਰ ਬੱਚੇ | ੫੦੦੦-੦੦ |
| ਬੀ: ਪ੍ਰਕਾਸ਼ ਕੌਰ ਪਤਨੀ ਭਾ: ਗਿਆਨ ਸਿੰਘ ਪਿੰਡ ਰਿਖੀਆਂ ਗਰਦਾਸਪੁਰ – ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ (ਜੂਨ ਜੁਲਾਈ) | ੨੦੦-੦੦ |

**ਪਿੰਡ ਗੁਨੋਪੁਰ (ਨੇੜੇ ਗੁਰਦਵਾਰਾ ਘਲੂਘਾਰਾ ਸਾਹਿਬ) ਵਿਚ ਅਖੰਡਪਾਠ ਤੇ ਰੈਣ ਸਬਾਈ**

ਭਾਈ ਮਨੋਹਰ ਸਿੰਘ (ਰਬ) ਦੇ ਗ੍ਰਿਹ ਸਵੇਰੇ ਭੋਗ ਉਪ੍ਰੰਤ ਕੀਰਤਨ ਤੇ ਰਾਤ ਰੈਣ ਸਬਾਈ 24.8.91

**ਗੁਰਦਾਸਪੁਰ ਗੁ: ਸੰਤ ਬਾਬਾ ਟਹਿਲ ਸਿੰਘ, ਨੇੜੇ ਰੇਲਵੇ ਫਾਟਕ 11.8. ਐਤਵਾਰ ਰੈਣ ਸਬਾਈ**

**ਨੰਗਲ ਲੁਬਾਣਾ (ਕਪੂਰਥਲਾ) ਅਮਰੀਕ ਸਿੰਘ ਪੁਤਰ ਸ਼ਾਮ ਸਿੰਘ ਦੇ ਗ੍ਰਿਹ ਰੈਣ ਸਬਾਈ 10.8.91**

**ਨਰੈਣਗੜ੍ਹ (ਦਸੂਹਾ) ਭਾ: ਮਲਕੀਤ ਸਿੰਘ ਦੇ ਗ੍ਰਿਹ 24.8.91 ਰੈਣ ਸਬਾਈ ਕੀਰਤਨ**

www.AKJ.Org

## ਭਾਈ ਕਰਤਾਰ ਸਿੰਘ ਜੀ ਡਰਾਫ਼ਟਸਮੈਨ (ਏਅਰ ਫ਼ੋਰਸ) ਵਿਛੋੜਾ ਦੇ ਗਏ



ਭਾਈ ਕਰਤਾਰ ਸਿੰਘ 40-45 ਸਾਲ ਦੀ ਉਮਰ ਵਿਚ ਹੀ 10.6.91 ਨੂੰ ਅਚਾਨਕ ਚਲਾਣਾ ਕਰ ਗਏ । ਆਪ ਜੀ ਸਾਰੇ ਪਰਵਾਰ (ਸਿੰਘਣੀ ਤੇ ਪੰਜ ਬੱਚਿਆਂ) ਸਹਿਤ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਸਨ । ਆਪ ਮਿਠੇ ਤੇ ਨਿਮਰ ਸੁਭਾਅ ਵਾਲੇ ਸ਼ਾਂਤ ਬ੍ਰਿਤੀ ਵਿਚ ਵਿਚਰਨ ਕਰਕੇ ਨਾਮ ਬਾਣੀ ਦੇ ਅਹਾਰੀ ਗੁਰਸਿਖ ਸਨ । ਸੇਵਾ ਦੀ ਮੂਰਤੀ ਸਨ ਅਤੇ ਅੰਤ ਤਕ ਗੁਰੂ-ਦਰ ਤੇ ਰਹਿ ਕੇ ਸੇਵਾ ਨਿਭਾਂਦੇ ਰਹੇ । ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ । [ਦਾਸ ਵਜ਼ੀਰ ਸਿੰਘ *J.W.O.*

---

**ਬਟਾਲਾ ਵਿਖੇ ਵਿਆਹ ਪੁਰਬ ਸਮਾਗਮ 12 ਤੋਂ 15 ਸਤੰਬਰ ਐਤਵਾਰ ਸਵੇਰ ਤਕ**

**ਪਿੰਡ ਪੁਲ ਪੁਖ਼ਤਾ ਗੁ: ਪਾ: ੬ ਸਾਲਾਨਾ ਸਮਾਗਮ 19 ਤੋਂ 22 ਸਤੰਬਰ ਐਤਵਾਰ ਸਵੇਰ ਤਕ**

## ਚੰਡੀਗੜ੍ਹ ਵਿਖੇ ਪ੍ਰਕਾਸ਼ ਉਤਸ਼ਵ ਸ੍ਰੀ ਗੁਰੂ ਗ੍ਰੰਥ ਸਾਹਿਬ ਸਮਾਗਮ

4.9,91 ਸਵੇਰੇ ਕੀਰਤਨ ਉਪਰੰਤ 5 ਵਜੇ ਸ੍ਰੀ ਅਖੰਡਪਾਠ ਅਰੰਭ, 6.9.ਸਵੇਰੇ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ 6 ਤੋਂ 8-30 ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆਲਾ ਸੈਕਟਰ 28 ਚੰਡੀਗੜ੍ਹ,7.9.ਸਵੇਰੇ 5 ਤੋਂ ਦੁਪਹਿਰ ਕੀਰਤਨ, ਸ਼ਾਮ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ, 8.9. ਸਵੇਰੇ 8-30 ਵਜੇ ਸਮਾਪਤੀ ।

ਕੀਰਤਨ ਤੇ ਰਿਹਾਇਸ਼ ਅਸਥਾਨ ਗੁ: ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19-ਡੀ, ਚੰਡੀਗੜ੍ਹ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ-ਮੋਹਾਲੀ

## ਅੰਬਾਲਾ ਛਾਉਣੀ ਵਿਖੇ ਸਾਲਾਨਾ ਸਮਾਗਮ

15 ਤੋਂ 17 ਅਗਸਤ ਸ੍ਰੀ ਅਖੰਡਪਾਠ, ਸਵੇਰੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, 17.8. ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ ਹੋਣਗੇ । 18.8.91 ਐਤਵਾਰ ਸਵੇਰੇ 6 ਵਜੇ ਸਮਾਪਤੀ । ਸਾਰਾ ਪ੍ਰੋਗਰਾਮ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ । ਦਾਸਰੇ —ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਪੁਰਬ ਸੰਬੰਧੀ ਸਮਾਗਮ ਕਪੂਰਥਲਾ ਵਿਖੇ

4.8.91 ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ ਪ੍ਰਿੰ: ਤਾਰਾ ਸਿੰਘ ਦੇ ਗ੍ਰਹਿ ਮਹੱਲਾ ਸੰਤਪੁਰਾ ਪਿਛੇ ਨਿਊ ਗ੍ਰੇਨ ਮਾਰਕੀਟ ਕਪੂਰਥਲਾ ਵਿਖੇ ।

## ਸ਼ਹੀਦ ਫੌਜਾ ਸਿੰਘ ਦੀ ਯਾਦ ਵਿਚ ਪਿੰਡ ਗਜ਼ਨੀਪੁਰ (ਗੁਰਦਾਸਪੁਰ) ਵਿਚ ਪ੍ਰੋਗਰਾਮ

10 ਅਗਸਤ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਭੋਗ ਤੇ ਕੀਰਤਨ, ਰਾਤ ਰੈਣ ਸਬਾਈ ਕੀਰਤਨ

**ਕੁਰਾਲੀ ਗੁ: ਸ੍ਰੀ ਹਰਿਗੋਬਿੰਦ ਗੜ੍ਹ ਮੁਰਿੰਡਾ ਰੋਡ, 25.8.91 ਸਵੇਰ ਤੋਂ ਦੁਪਹਿਰ ਤਕ ਕੀਰਤਨ**

## ਮਾਸਕ ਰੈਣ ਸਬਾਈ ਕੀਰਤਨ ਗੁਰਦਵਾਰਾ ਫਤਹਗੜ੍ਹ ਪੰਜ ਗਰਾਈਆਂ ਸੰਗਰੂਰ ਵਿਖੇ

10 ਅਗਸਤ ਨੂੰ ਰੈਣ ਸਬਾਈ । ਮਲੇਰਕੋਟਲਾ ਤੋਂ ਬਰਨਾਲਾ ਰੋਡ ਉਤੇ ਇਹ ਪਿੰਡ ਹੈ ।

## ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਵਲੋਂ ਸੰਗਰਾਂਦ 17.8.91 ਨੂੰ ਰੈਣ ਸਬਾਈ

ਗੁਰਦੁਆਰਾ ਸੰਤਸਰ ਮਲੀਆਣਾ ਜੰਡਿਆਲਾ ਗੁਰੂ (ਅੰਮ੍ਰਿਤਸਰ) ਵਿਖੇ । ਪੁਛ ਗਿਛ : ਭਾ: ਨਰਿੰਦਰ ਸਿੰਘ

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ.ਪੀ. 43045)
'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org